
# ਅੰਮ੍ਰਿਤ ਕੀਰਤਨ

## ਫ਼ਰਵਰੀ 2018



ਭਾਈ ਸੁਧ ਸਿੰਘ



ਭਾਈ ਪਰਧਾਨ ਸਿੰਘ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਸਭ ਕੋ ਤੇਰੇ ਵੱਸ

ਕੀ ਆਖਾਂ, ਕੀ ਆਖਣ ਜੋਗੀ,
ਆਖਣ ਦੀ ਕੋਈ ਗੱਲ ਨਹੀਂ।

ਮੈਂ ਨਿਚੱਜੀ, ਚੱਜ ਵੀ ਨ ਜਾਣਾ,
ਐਸਾ ਕੋਈ ਵੱਲ ਨਹੀਂ।

ਮਿਹਰ ਕਰੇ ਤਾਂ ਆਪੇ ਰੀਝੇ,
ਆਪ ਹੀ ਰਮਜ਼ ਬੁਝਾਵੇ।

ਮਿਲਣ ਲਈ ਹੁਣ ਆਤੁਰ ਹੋਈਆਂ,
ਪ੍ਰੇਮ ਖਿੱਚ ਦਾ ਬੱਲ ਨਹੀਂ।



## सभ को तेरे वस्स

की आखाँ, की आखण जोगी,
आखण दी कोई गल्ल नहीं।

मैं निचज्जी, चज्ज वी न जाणा,
ऐसा कोई वल्ल नहीं।

मेहर करे तां आपे रीझे,
आप ही रमज़ बुझावे।

मिलण लई हुण आतुर होई आँ,
प्रेम खिच्च दा बल्ल नहीं।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

# ਇਸ ਅੰਕ ਵਿਚ


| | |
|---|---|
| ਮਿਤ੍ਰ ਅਸਾਡੜੇ ਸੇਈ | 2 |
| **ਸੰਪਾਦਕੀ: ਕਰਉ ਬੇਨੰਤੀਆ: ਗੁਰਮਤਿ ਸੰਗੀਤਾਂਜਲੀ** | 3 |
| **ਸ਼੍ਰੋਮਣੀ ਕੀਰਤਨੀਏ, ਨਿਰਲੇਪ ਤੇ ਪਰਉਪਕਾਰੀ ਪੰਥ ਸੇਵਕ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ - ਹਰਭਜਨ ਸਿੰਘ ਰਤਨ** | 4 |
| **'ਰਾਗ ਨਿਰਣਾਇਕ ਕਮੇਟੀ' ਜਵੱਦੀ ਟਕਸਾਲ ਦੀ ਵਿਲੱਖਣ ਦੇਣ – ਡਾ. ਗੁਰਨਾਮ ਸਿੰਘ** | 12 |
| **ਗੁਰਮਤ ਸੰਗੀਤ ਵਿਚ ਗਾਇਨ ਦਾ ਮਹੱਤਵ: ਬਾਣੀ ਸੰਦਰਭ – ਸਵਰਲੀਨ ਕੌਰ** | 15 |
| **Exploring the Tradition: Gurmat Sangeet Par Hun Tak Mili Khoj - A.P. Singh** | 18 |
| **ਸੁਰਲਿਪੀ - ਰਾਗ ਬਸੰਤ – ਪ੍ਰਿ: ਦਿਆਲ ਸਿੰਘ** | 21 |



## ਸੰਪਾਦਕ (ਆਨਰੇਰੀ)
## ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਧਾਰਮਿਕ ਅਧਿਐਨ), ਪੀਐਚ.ਡੀ.

## ਸਹਿਯੋਗੀ
## ਸ. ਹਰਭਜਨ ਸਿੰਘ ਅਤੇ ਨਵਤੇਜ ਸਿੰਘ


- ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ 30 £ , ਜੀਵਨ ਮੈਂਬਰ ਚੰਦਾ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ-160015
ਫ਼ੋਨ: 0172-2772660, 098140 53630
e-mail: drjagirsingh@gmail.com
Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫ਼ਟ "ਅੰਮ੍ਰਿਤ ਕੀਰਤਨ ਟ੍ਰਸਟ" ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh Branch ਵਿਚ AMRIT KIRTAN TRUST ਦੇ A/C 65079603302, IFSC: SBIN0050240 ਵਿਚ ਸਿੱਧਾ ਜਮ੍ਹਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order at the address: AMRIT KIRTAN TRUST (Regd.), 422, Sector 15-A, Chandigarh-160015

## ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਪਤ੍ਰਕਾ ਡਾਕ ਰਾਹੀਂ ਪ੍ਰਾਪਤ ਕਰਕੇ ਜੋ ਖੁਸ਼ੀ ਹੋਈ ਉਹ ਸ਼ਬਦਾਂ ਤੋਂ ਬਾਹਰ ਹੈ। ਪ੍ਰਿੰਟ ਰੂਪ ਵਿੱਚ ਪਤ੍ਰਕਾ ਮੁੜ ਆਰੰਭ ਕਰਨ ਦਾ ਆਪ ਦਾ ਫੈਸਲਾ ਅਤਿ ਸ਼ਲਾਘਾਯੋਗ ਹੈ। ਆਪ ਜੀ ਅਤੇ ਆਪ ਦੇ ਸਾਰੇ ਸਹਿਯੋਗੀਆਂ ਨੂੰ ਵਧਾਈ ਅਤੇ ਬਹੁਤ ਬਹੁਤ ਧੰਨਵਾਦ। ਅਜਕਲ ਦੇ ਹਾਲਾਤ ਵਿੱਚ ਕੋਈ ਪਤ੍ਰਕਾ ਆਰੰਭ ਕਰਨਾ ਅਤੇ ਉਸ ਨੂੰ ਚਾਲੂ ਰਖਣਾ ਬਹੁਤ ਕਠਿਨ ਹੈ ਆਪ ਜੈਸੇ ਸਿਰੜੀ ਪੁਰਸ਼ ਹੀ ਇਸ ਕੰਮ ਨੂੰ ਚਾਲੂ ਰੱਖ ਸਕਦੇ ਹਨ। ਕਿਸੇ ਵੀ ਅਜਿਹੀ ਵਿਸ਼ੇਸ਼ ਪਤ੍ਰਕਾ ਦੇ ਪਹਿਲਾਂ ਤਾਂ ਪਾਠਕ ਮਿਲਣੇ ਹੀ ਔਖੇ ਹਨ। ਮਿਲ ਵੀ ਜਾਣ ਤਾਂ ਪੈਸੇ ਖਰਚਣ ਦੀ ਕੰਜੂਸੀ ਕੀਤੀ ਜਾਂਦੀ ਹੈ। ਬਾਰ ਬਾਰ ਤਕਾਦੇ ਕਰਨੇ ਪੈਂਦੇ ਹਨ। ਸਾਹਿਤ ਦੇ ਖੇਤਰ ਵਿੱਚ ਇਸ ਪ੍ਰਕਾਰ ਦੀਆਂ ਔਕੜਾਂ ਤਾਂ ਆਉਂਦੀਆਂ ਰਹਿੰਦੀਆਂ ਹਨ। ਆਪ ਜੈਸੇ ਸੂਰਬੀਰ ਡਟ ਕੇ ਉਹਨਾਂ ਔਕੜਾਂ ਦਾ ਮੁਕਾਬਲਾ ਕਰਨ ਤੋਂ ਪਿਛੇ ਨਹੀ ਹਟਦੇ।ਇਹਨਾਂ ਸਾਰੀਆਂ ਔਕੜਾਂ ਨੂੰ ਮੁਖ ਰਖਦੇ ਹੋਏ ਮੈਂ ਗਿਆਰਾਂ ਸੌ ਰੁਪਏ ਮਾਇਕ ਸਹਾਇਤਾ ਭੇਜ ਰਿਹਾ ਹਾਂ। ਪ੍ਰਵਾਨ ਕਰਨੀ। ਮੇਰੀ ਦਿਲੀ ਇੱਛਾ ਹੈ ਇਹ ਅੰਮ੍ਰਿਤ ਦੀ ਵਰਖਾ ਤੁਸੀਂ ਸਦਾ ਕਰਦੇ ਰਹੋ।

**ਭਾਗੇਂਦ੍ਰ ਸਿੰਘ ਠਾਕੁਰ, ਜੁਗਿੰਦਰ ਨਗਰ (ਹਿਮਾਚਲ ਪ੍ਰਦੇਸ਼)**

---

Thanks for reviving the PRINT edition of Amrit Kirtan magazine. It's a pleasure to read the same. Regards,


**Bhagwant Singh, Arjun Nagar, Safdarjung Enclave, New Delhi**

---

ਅੰਮ੍ਰਿਤ ਕੀਰਤਨ ਜਨਵਰੀ ਅੰਕ ਪ੍ਰਾਪਤ ਹੋਇਆ ਇੰਜ ਜਾਪਿਆ ਜਿਵੇਂ ਡਾਕਟਰ ਜਾਗੀਰ ਸਿੰਘ ਜੀ ਦੇ ਦਰਸ਼ਨ ਹੋ ਗਏ ਹੋਣ। ਕਿਰਪਾ ਕਰਕੇ ਹੁਣ ਇਹ ਇਸੇ ਤਰ੍ਹਾਂ ਛਾਪ ਕੇ ਭੇਜੀ ਜਾਣਾ ਜੀ। ਇਸ ਤੋਂ ਕਾਫੀ ਕੁਝ ਅਧੂਰਾ ਲੱਗਦਾ ਹੈ ਜੀ। ਬਹੁਤ ਬਹੁਤ ਧੰਨਵਾਦ।

**ਰਾਗੀ ਅਵਤਾਰ ਸਿੰਘ ਹੰਸ, ਸੰਗਰੂਰ**

# ਗੁਰਮਤਿ ਸੰਗੀਤਾਂਜਲੀ




"ਗੁਰਮਤਿ ਸੰਗੀਤਜਾਂਲੀ" ਪੁਸਤਕ ਪ੍ਰੋ ਗੁਰਮੀਤ ਸਿੰਘ ਮੀਤ ਦੀ ਲਿਖੀ ਤੇ ਪ੍ਰਕਾਸ਼ਿਤ ਕੀਤੀ ਹੋਈ ਹੈ।ਗੁਰਮੀਤ ਸਿੰਘ ਨਾਲ ਮੇਰੀਆਂ ਕਈ ਸਾਂਝਾ ਹਨ। ਪਹਿਲੀ ਤਾਂ ਇਹ ਕਿ ਉਸ ਦਾ ਬਚਪਨ ਵੀ ਰਾਜਪੁਰਾ ਤਸੀਲ ਦੇ ਪਿੰਡ ਗੰਡਾਖੇੜੀ ਵਿੱਚ ਗੁਜ਼ਰਿਆ ਅਤੇ ਮੈਂ ਵੀ ਆਪਣੇ ਬਚਪਨ ਵਿੱਚ ਗੰਡਾ ਖੇੜੀ ਦੇ ਨੇੜਲੇ ਪਿੰਡ ਲੋਹਾਖੇੜੀ ਵਿਚ ਰਿਹਾ ਹਾਂ।ਗੁਰਮੀਤ ਸਿੰਘ ਨੇ ਆਪਣੀ ਪੜ੍ਹਾਈ ਯੂ ਪੀ ਦੇ ਸ਼ਹਿਰ ਰੁਦਰਪੁਰ ਵਿੱਚ ਕੀਤੀ ਮੈਂ ਵੀ ਉਥੋਂ ਦੇ ਨੇੜਲੇ ਕਸਬੇ ਬਿਲਾਸਪੁਰ ਵਿੱਚ ਛੇਵੀ ਅਤੇ ਸਤਵੀਂ ਸ਼੍ਰੇਣੀ ਪਾਸ ਕੀਤੀ ਸੀ। ਗੁਰਮੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਸੰਗੀਤ ਵਿਭਾਗ ਵਿੱਚ ਨੌਕਰੀ ਕੀਤੀ। ਮੈਂ ਵੀ ਇਸ ਕਾਲਜ ਵਿੱਚ ਲੈਕਚਰਾਰ ਅਤੇ ਹੋਸਟਲ ਵਾਰਡਨ ਦੇ ਤੌਰ ਤੇ ਸੇਵਾ ਕੀਤੀ ਹੈ। ਇਸ ਲਈ ਜਦੋਂ ਉਹਨਾਂ ਦੀ ਰਚੀ ਇਹ ਪੁਸਤਕ ਪ੍ਰਾਪਤ ਹੋਈ ਤਾਂ ਇਸ ਵੱਲ ਧਿਆਨ ਜਾਣਾ ਕੁਦਰਤੀ ਸੀ।ਗੁਰਮਤਿ ਸੰਗੀਤ ਦੀ ਮੁੱਢਲੀ ਸਿੱਖਿਆ ਗੁਰਮੀਤ ਸਿੰਘ ਨੇ ਭਾਈ ਗੁਰਚਰਨ ਸਿੰਘ ਰਾਗੀ ਪਟਿਆਲਾ ਵਾਲੇ ਜੋ ਉਸ ਸਮੇਂ ਰੁਦਰਪੁਰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਸੇਵਾ ਕਰਦੇ ਸਨ ਪਾਸੋਂ ਪ੍ਰਾਪਤ ਕੀਤੀ। ਸ਼੍ਰੀ ਸੁਭਾਸ਼ ਰਾਇ ਪਾਸੋਂ ਤਬਲਾ ਸਿੱਖਿਆ ਤੇ ਕਲਾਸੀਕਲ ਸੰਗੀਤ ਦੀ ਸਿੱਖਿਆ ਪੰਡਿਤ ਸੁਖਨ ਲਾਲ ਸ਼ਰਮਾ (ਗਵਾਲੀਆਰ ਘਰਾਣਾ) ਪਾਸੋਂ ਪ੍ਰਾਪਤ ਕਰਕੇ ਸੰਗੀਤ ਪ੍ਰਭਾਕਰ ਆਦਿ ਡਿਗਰੀਆਂ ਪ੍ਰਾਪਤ ਕੀਤੀਆਂ। ਇਸ ਦੇ ਨਾਲ ਨਾਲ ਉਹਨਾਂ ਨੇ ਗਿਆਨੀ, ਐਮ ਏ ਇਕਨੌਮਿਕਸ, ਐਮ ਏ ਸੰਗੀਤ ਗਾਇਨ ਅਤੇ ਵਾਦਨ ਦੀ ਸਿਖਿਆ ਪ੍ਰਾਪਤ ਕੀਤੀ। ਉਹਨਾਂ ਨੇ ਸ਼੍ਰੀ ਓਮ ਪ੍ਰਕਾਸ਼ ਮੋਹਨ ਆਲ ਇੰਡੀਆ ਰੇਡੀਓ ਵਾਲਿਆਂ ਤੋਂ ਦਿਲਰੁਬਾ ਦੀ ਸਿਖਲਾਈ ਵੀ ਲਈ। ਲਗਭਗ 32 ਸਾਲ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਸੰਗੀਤ ਸਿਖਲਾਈ ਦਿੱਤੀ। ਉਹਨਾਂ ਨੇ ਆਪਣੀ ਇਸ ਪੁਸਤਕ ਵਿੱਚ ਸੰਗੀਤ ਦੇ ਸਿਧਾਂਤਕ ਪੱਖ ਦਾ ਵਰਣਨ ਕਰਨ ਦੇ ਨਾਲ ਨਾਲ ਆਸਾ ਦੀ ਵਾਰ ਦੇ 24 ਛੱਕੇ ਛੰਤਾਂ ਦੀ ਸੁਰਲਿਪੀ ਵੀ ਦਿੱਤੀ ਹੈ ਅਤੇ ਨਾਲ ਹੀ ਸਵੇਰ ਸਮੇਂ ਦੇ ਵੱਖ ਵੱਖ 24 ਰਾਗਾਂ ਦੇ ਸਰੂਪ ਵਰਣਨ ਅਤੇ ਸ਼ਬਦਾਂ ਨੂੰ ਗਾਇਨ ਕਰਨ ਲਈ ਸੁਰਲਿਪੀਆਂ ਦਿੱਤੀਆਂ ਹਨ। ਇਹ ਪੁਸਤਕ ਜਿਥੇ ਸੰਗੀਤ ਦੇ ਵਿਦਿਆਰਥੀਆਂ ਲਈ ਲਾਹੇਵੰਦ ਹੋਵੇਗੀ ਉਥੇ ਕੀਰਤਨੀਏ ਵੀ ਇਸ ਤੋਂ ਭਰਪੂਰ ਲਾਭ ਲੈ ਸਕਦੇ ਹਨ।ਪੁਸਤਕ ਪ੍ਰਾਪਤੀ ਲਈ ਹੇਠ ਲਿਖੇ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ-

**Prof. Gurmeet Singh 'Meet'**
# 3053, 2nd Floor,
Sector 40-D, Chandigarh
Ph.: 8288004726
email: gsmeet57@gmail.com

ਪ੍ਰੋ ਗੁਰਮੀਤ ਸਿੰਘ ਮੀਤ ਨੂੰ ਇਹ ਪੁਸਤਕ ਛਾਪਣ ਲਈ ਵਧਾਈ ਦਿੰਦੇ ਹਾਂ ਅਤੇ ਉਹਨਾਂ ਦੇ ਉੱਜਲ ਭਵਿੱਖ ਦੀ ਕਾਮਨਾ ਕਰਦੇ ਹਾਂ---



# ਸ਼੍ਰੋਮਣੀ ਕੀਰਤਨੀਏ, ਨਿਰਲੇਪ ਤੇ ਪ੍ਰਉਪਕਾਰੀ ਪੰਥ ਸੇਵਕ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ

### ਹਰਭਜਨ ਸਿੰਘ ਰਤਨ (ਆਲ ਇੰਡੀਆ ਰੇਡੀਓ ਵਾਲੇ) ਸਪੁੱਤਰ ਭਾਈ ਪ੍ਰਧਾਨ ਸਿੰਘ

ਵੀਹਵੀਂ ਸਦੀ ਵਿਚ ਕੀਰਤਨ ਰਾਹੀਂ ਗੁਰਮਤਿ ਤੇ ਸਿੱਖੀ ਦੇ ਪ੍ਰਚਾਰ ਦੀ ਮਹਾਨ ਸੇਵਾ, ਜਿਸ ਲਗਨ, ਸ਼ਰਧਾ, ਨਿਰਲੇਪਤਾ ਤੇ ਤਿਆਗ ਨਾਲ, ਭਾਈ ਸਾਹਿਬ ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਜੀ ਦੇ ਜਥੇ ਨੇ ਕੀਤੀ ਹੈ, ਉਸ ਦੀ ਮਿਸਾਲ ਪੰਥ ਵਿਚ ਨਹੀਂ ਮਿਲਦੀ। ਨਿਰੰਤਰ 70 ਸਾਲ ਲਗਾਤਾਰ ਇਸ ਜਿਥੇ ਨੇ ਸਾਰੇ ਹਿੰਦੁਸਤਾਨ ਵਿੱਚ ਅਤੇ ਹਿੰਦੁਸਤਾਨ ਤੋਂ ਬਾਹਰ ਵੀ, ਜਿਸ ਤਰ੍ਹਾਂ ਸੰਗਤਾਂ ਨੂੰ ਗੁਰਬਾਣੀ ਦੇ ਕੀਰਤਨ ਤੇ ਵਿਆਖਿਆ ਨਾਲ ਨਿਹਾਲ ਕੀਤਾ, ਉਸ ਦੀ ਅਮਰ ਤੇ ਮਿੱਠੀ ਯਾਦ, ਹੁਣ ਤੱਕ ਉਨ੍ਹਾਂ ਸਰੋਤਿਆਂ ਦੇ ਦਿਲਾਂ ਉੱਤੇ ਉਕਰੀ ਹੋਈ ਹੈ, ਜਿਨ੍ਹਾਂ ਨੂੰ ਉਨ੍ਹਾਂ ਦਾ ਕੀਰਤਨ ਸੁਣਨ ਦਾ ਅਵਸਰ ਮਿਲਿਆ।

ਭਾਈ ਸੁਧ ਸਿੰਘ ਤੇ ਭਾਈ ਪ੍ਰਧਾਨ ਸਿੰਘ ਜੀ ਸੱਕੇ ਚਾਚਾ ਭਤੀਜਾ ਸਨ। ਇਨ੍ਹਾਂ ਨਾਲ ਦੋ ਸਾਥੀ ਹੋਰ ਸਨ, ਭਾਈ ਠਾਕਰ ਸਿੰਘ ਜੀ ਤੇ ਭਾਈ ਮੱਖਣ ਸਿੰਘ ਜੀ। ਭਾਈ ਸੁਧ ਸਿੰਘ ਜੀ ਤੇ ਭਾਈ ਪ੍ਰਧਾਨ ਸਿੰਘ ਜੀ ਸਵੱਰਗਵਾਸ ਹੈ ਚੁੱਕੇ ਹਨ। ਪਰ ਬਾਕੀ ਦੇ ਦੋਵੇਂ ਸਾਥੀ ਮੌਜੂਦ ਹਨ।

ਭਾਈ ਸੁਧ ਸਿੰਘ ਜੀ ਤੋ ਭਾਈ ਪ੍ਰਧਾਨ ਜੀ ਪਿੰਡ ਜਬੀ ਤਹਿਸੀਲ ਖ਼ੁਸ਼ਾਬ ਜ਼ਿਲ੍ਹਾ ਸ਼ਾਹਪੁਰ (ਸਰਗੋਧਾ) ਦੇ ਜੰਮਪਲ ਸਨ। ਆਯੂ ਦਾ ਵੱਡਾ ਹਿੱਸਾ ਸਰਗੋਧੇ ਹੀ ਬਤੀਤ ਕੀਤਾ। ਇਸੇ ਲਈ ਉਨ੍ਹਾਂ ਦੇ ਨਾਮ ਨਾਲ ਸਰਗੋਧੇ ਵਾਲੇ ਸ਼ਬਦ ਵੀ ਸੰਗਤਾਂ ਲਗਾ ਦਿੰਦੀਆਂ ਸਨ। ਭਾਈ ਸੁਧ ਸਿੰਘ ਜੀ ਦੇ ਪਿਤਾ ਭਾਈ ਮੰਗਲ ਸਿੰਘ ਜੀ (ਮੇਰੇ ਪੜਦਾਦਾ ਜੀ) ਬੜੇ ਗੁਰਮੁੱਖ ਤੇ ਸੰਤ ਬਿਰਤੀ ਵਾਲੇ ਸਨ। ਉਨ੍ਹਾਂ ਨੇ ਆਪਣੀ ਜੁਆਨੀ ਵਿਚ ਸਿੱਖ ਰਾਜ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਫ਼ੌਜੀ ਸੇਵਾ ਕੀਤੀ ਸੀ। ਭਾਈ ਮੰਗਲ ਸਿੰਘ ਜੀ ਦੇ ਪੰਜ ਸਪੁੱਤਰ ਸਨ। ਵੱਡੇ ਭਾਈ ਬੇਅੰਤ ਸਿੰਘ ਜੀ, ਜੋ ਉਦਾਸੀ ਸੰਤ ਬਣ ਗਏ ਸਨ, ਤੋ ਬੜੇ ਤੇਜ਼ਸਵੀ ਤੇ ਤਪੱਸਵੀ ਸਨ, ਭਾਈ ਤਖ਼ਤ ਸਿੰਘ ਜੀ ਜ਼ੋ ਤਿਆਰ-ਬਰ ਤਿਆਰ ਅਕਾਲੀ ਸਿੰਘ ਸਨ, ਬਾਵਾ ਨਿਹਾਲ ਦਾਸ ਜੀ, ਜੋ ਆਪਣੇ ਵੱਡੇ ਭਰਾ ਮਹੰਤ ਬਾਬਾ ਗੁਲਾਬ ਦਾਸ ਜੀ ਨਾਲ ਹੀ ਉਦਾਸੀ ਸੰਤ ਬਣ ਗਏ ਤੇ ਸਭ ਤੋਂ ਛੋਟੇ ਭਾਈ ਸਾਹਿਬ ਸੁੱਧ ਸਿੰਘ ਜੀ, ਜਿਨ੍ਹਾਂ ਨੇ ਕੀਰਤਨ ਵਿਆਖਿਆ ਤੇ ਸਿੱਖੀ ਪ੍ਰਚਾਰ ਲਈ ਜੀਵਨ ਅਰਪਨ ਕਰ ਦਿੱਤਾ। ਬਾਵਾ ਗੁਲਾਬ ਦਾਸ ਜੀ ਤੇ ਨਿਹਾਲ ਦਾਸ ਜੀ ਦਾ ਡੇਰਾ ਜਬੀ ਪਿੰਡ ਤੋਂ ਬਾਹਰਵਾਰ ਇਕ ਵੱਡੇ ਤਾਲਾਬ ਦੇ ਕਿਨਾਰੇ ਸੀ। ਜਿਥੇ ਦੋਵੇਂ ਵੇਲੇ ਗੁਰਬਾਣੀ ਦਾ ਕੀਰਤਨ ਤੇ ਕਥਾ ਹੁੰਦੀ ਸੀ। ਇਲਾਕੇ ਦੇ ਅਪਾਹਜ ਬੱਚੇ ਲੰਗੜੇ ਲੂਹਲੇ ਅੰਨ੍ਹੇ ਸਭ ਇਸ ਗੁਰਦੁਆਰੇ ਵਿਚ ਪਾਲੇ ਜਾਂਦੇ ਸਨ ਤੇ ਉਨ੍ਹਾਂ ਨੂੰ ਕਥਾ ਕੀਰਤਨ ਸਿਖਾਇਆ ਜਾਂਦਾ ਸੀ। ਇਸ ਡੇਰੇ ਤੋਂ ਸਿਖਿਆ ਪਾ ਕੇ ਕਈ ਰਾਗੀ ਸਿੰਘ ਨਿਕਲੇ, ਜਿਹਨਾਂ ਵਿਚੋਂ ਭਾਈ ਸੁਧ ਸਿੰਘ ਜੀ, ਭਾਈ ਪ੍ਰਧਾਨ ਸਿੰਘ ਜੀ, ਭਾਈ ਤੁਲਸਾ ਸਿੰਘ ਜੀ, ਭਾਈ ਹਰਭਜਨ ਦਾਸ ਜੀ ਤੇ ਭਾਈ ਸਤਿਨਾਮ ਦਾਸ ਜੀ ਬੜੇ ਪ੍ਰਸਿੱਧ ਹੋਏ।

ਭਾਈ ਸੁਧ ਸਿੰਘ ਜੀ ਕਥਾ ਤੇ ਕੀਰਤਨ ਸਿੱਖ ਕੇ ਖਾਲਸਾ ਗੁਰਮਤਿ ਕਾਲਜ ਗੁਜਰਾਂਵਾਲਾ ਦੇ ਅਧਿਆਪਕ ਬਣ ਗਏ ਤੇ 1905 ਵਿਚ ਇਸ ਕਾਲਜ ਦੀ ਉਗਰਾਹੀ ਕਰਨ ਲਈ ਸ਼ੰਘਾਈ ਚੀਨ ਵੀ ਗਏ। ਭਾਈ ਪ੍ਰਧਾਨ ਸਿੰਘ ਜੀ ਉਦੋਂ ਬਚਪਨ ਵਿਚ ਰਾਗ ਵਿਦਿਆ ਸਿਖ ਰਹੇ ਸਨ। ਭਾਈ ਪ੍ਰਧਾਨ ਸਿੰਘ ਜੀ ਦਾ ਗਲਾ ਬੜਾ ਸੁਰੀਲਾ, ਆਵਾਜ਼ ਮਿੱਠੀ ਤੇ ਉਚੀ ਦਿਲਖਿਚਵੀਂ ਸੋਜ਼ ਭਰਪੂਰ ਸੀ। ਉਨ੍ਹਾਂ ਨੇ ਥਾਉਂ ਥਾਂਈ ਰਹਿ ਕੇ ਚੰਗੇ ਉਸਤਾਦਾਂ ਤੋਂ ਕਲਾਸੀਕਲ ਸੰਗੀਤ ਦੀ ਸਿਖਿਆ ਲਈ ਤੇ ਸ਼ਬਦ ਗਾਇਨ ਦੀਆਂ ਪੁਰਾਤਨ ਰੀਤਾਂ, ਜੋ ਗੁਰੂ ਸਾਹਿਬਾਨ ਦੇ ਵੇਲੇ ਤੋਂ ਸੀਨਾ ਬਸੀਨਾ ਪ੍ਰਚਲਤ ਸਨ, ਸਿਖੀਆਂ। ਜਦੋਂ ਆਪ 15 ਸਾਲਾਂ ਦੇ ਹੋ ਗਏ ਤਾਂ ਉਨ੍ਹਾਂ ਨੇ ਆਪਣੇ ਚਾਚਾ ਜੀ ਭਾਈ ਸੁਧ ਸਿੰਘ ਜੀ ਨਾਲ ਮਿਲ ਕੇ ਕੀਰਤਨੀ ਜਥਾ ਬਣਾ ਲਿਆ। ਭਾਈ ਸੁਧ ਸਿੰਘ ਜੀ ਕਥਾ ਵਿਆਖਿਆਨ ਬਹੁਤ ਸੁੰਦਰ ਕਰਦੇ ਸਨ, ਤੇ ਭਾਈ ਪ੍ਰਧਾਨ ਸਿੰਘ ਜੀ ਕੀਰਤਨ ਦੀ ਅਮੁੱਲੀ ਦਾਤ, ਤੇ ਦਿਲਖਿਚਵੀਂ ਸੁਰ ਨਾਲ ਮਾਲਾ ਮਾਲ ਸਨ। ਸੋ ਦੋਹਾਂ ਦੇ ਸੁਮੇਲ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਤੇ ਥੋੜੇ ਸਮੇਂ ਵਿਚ ਹੀ ਆਪ ਦਾ ਨਾਮ ਸਾਰੇ ਪੰਥ ਵਿਚ ਪ੍ਰਸਿੱਧ ਹੋ ਗਿਆ।

ਉਨ੍ਹਾਂ ਦਿਨਾਂ ਵਿਚ ਹੀ ਆਪ ਦੀ ਸੰਗਤ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੇ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਨਾਲ ਹੋ ਗਈ ਤੇ ਨਿੱਘਾ ਪਿਆਰ ਸਤਿਕਾਰ ਕਾਇਮ ਹੋ ਗਿਆ। ਇਨ੍ਹਾਂ ਦੋਹਾਂ ਵਿਅਕਤੀਆਂ ਦੀ ਨੇੜਤਾ ਨਾਲ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦੇ ਜੀਵਨ ਉਤੇ ਹੋਰ ਅਜਿਹਾ ਗੂੜ੍ਹਾ ਰੰਗ ਚੜ੍ਹਿਆ ਕਿ "ਭਲੇ ਭਲੇ ਰੇ ਕੀਰਤਨੀਆ" ਵਾਲੇ ਸਾਰੇ ਗੁਣ ਇਨ੍ਹਾਂ ਦੇ ਅਮਲੀ ਜੀਵਨ ਵਿਚ ਰਚ ਗਏ। ਚੀਫ਼ ਖਾਲਸਾ ਦੀਵਾਨ ਦੀਆਂ ਸਰਗਰਮੀਆਂ ਵਿਚ ਵੀ ਇਸ ਜਥੇ ਨੇ ਵਿਸ਼ੇਸ਼ ਭਾਗ ਲੈਣਾ ਸ਼ੁਰੂ ਕੀਤਾ।ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਦੀ ਸਫ਼ਲਤਾ ਲਈ ਦਿਨੇ ਰਾਤ

ਜੁਟੇ ਰਹਿੰਦੇ, ਅਤੇ ਸਿੰਧ ਬਲੋਚਿਸਤਾਨ, ਪੋਠੋਹਾਰ, ਫਰੰਟੀਅਰ ਆਦਿ ਦੇ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਕੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਇਸ ਜਥੇ ਦਾ ਇਹ ਨਿਯਮ ਸੀ ਕਿ ਜਿਥੇ ਕੁੱਝ ਦਿਨ ਲਗਾਤਾਰ ਕੀਰਤਨ ਪ੍ਰਚਾਰ ਕਰਦੇ ਉਥੇ ਅੰਮ੍ਰਿਤ ਛਕਣ ਲਈ ਪ੍ਰਾਣੀਆਂ ਨੂੰ ਤਿਆਰ ਕਰਦੇ ਤੇ ਅੰਤਲੇ ਦਿਨ ਅੰਮ੍ਰਿਤ ਪ੍ਰਚਾਰ ਕਰਦੇ। ਸਿੰਧ ਵਿਚ ਆਪ ਨੇ ਅਨੇਕਾਂ ਸਾਹਿਜਧਾਰੀਆਂ ਨੂੰ ਸਿੰਘ ਸਜਾਇਆਂ ਤੇ ਜ਼ਿਲਾ ਸਰਗੋਧਾ, ਝੰਗ, ਲਾਇਲਪੁਰ , ਮੀਆਂਵਾਲੀ ਦੇ ਜ਼ਿਲ੍ਹਿਆਂ ਵਿਚ ਵੀ ਅਨੇਕਾ ਸਹਿਜਧਾਰੀ ਸਿੰਘ ਸੱਜੇ।

ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਨੂੰ ਵਿਦਿਆ ਪ੍ਰਚਾਰ ਦੀ ਬਹੁਤ ਹੀ ਲਗਨ ਸੀ। ਇਸੇ ਲਈ ਉਨ੍ਹਾਂ ਤਨ ਮਨ ਧਨ ਨਾਲ ਸੇਵਾ ਕਰਕੇ ਸਰਗੋਧੇ ਵਿਚ ਖਾਲਸਾ ਹਾਈ ਸਕੂਲ ਤੇ ਸ਼ਾਹਪੁਰ ਵਿਚ ਭਾਈ ਰਾਮਕ੍ਰਿਸਨ ਖਾਲਸਾ ਹਾਈ ਸਕੂਲ ਕਾਇਮ ਕੀਤੇ। ਖਾਲਸਾ ਹਾਈ ਸਕੂਲ ਮਿਠਾ ਟਿਵਾਣਾ ਅਤੇ ਖਾਲਸਾ ਹਾਈ ਸਕੂਲ, ਫਿਰੂਕਾ ਦੀ ਵੀ ਸੇਵਾ ਕੀਤੀ ਅਤੇ ਸਰਗੋਧੇ ਵਿਚ ਖਾਲਸਾ ਕਾਲਜ ਦੀ ਵੀ ਬੁਨਿਆਦ ਰਖੀ।

ਖਾਲਸਾ ਹਾਈ ਸਕੂਲ ਸਰਗੋਧਾ ਬਾਰੇ ਭਾਈ ਸੁਧ ਸਿੰਘ ਜੀ ਨਾਲ ਸੰਬੰਧਤ ਇਕ ਸੱਚੀ ਘਟਨਾ ਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਜਾਪਦਾ ਹੈ। ਸਕੂਲ ਦੀ ਉਸਾਰੀ ਕਰਦਿਆਂ, ਬਹੁਤ ਸਾਰਾ ਕਰਜ਼ਾ ਸਕੂਲ ਦੇ ਸਿਰ ਚੜ੍ਹ ਗਿਆ। ਭਾਈ ਸੁਧ ਸਿੰਘ ਜੀ ਉਗਰਾਹੀ ਕਰ ਕਰ ਕੇ ਉਸਾਰੀ ਦੇ ਸਾਮਾਨ ਦਾ ਮੁੱਲ ਤੇ ਮਜ਼ਦੂਰੀਆਂ ਤਾਰਦੇ ਰਹੇ, ਪਰ ਇਟਾਂ ਦੇ ਭਠੇ ਵਾਲੇ ਦਾ ਤੇ ਕੁਝ ਹੋਰ ਠੇਕੇਦਾਰਾਂ ਦੇ ਬਿਲ ਸਿਰ ਤੇ ਚੜੇ ਰਹੇ। ਭਠੇ ਵਾਲਾ ਲਾਲਾ ਬਹੁਤ ਕਾਹਲਾ ਪੈ ਗਿਆ ਤੇ ਭਾਈ ਸਾਹਿਬ ਦੇ ਘਰ ਰੋਜ਼ ਫੇਰੇ ਮਾਰਨੇ ਸ਼ੁਰੂ ਕਰ ਦਿਤੇ। ਭਾਈ ਸਾਹਿਬ ਉਸ ਨੂੰ ਧੀਰਜ ਦੇਂਦੇ ਰਹੇ ਕਿ ਹਰ ਇਕ ਦਾ ਇਕ ਇਕ ਪੈਸਾ ਦਿਤਾ ਜਾਵੇਗਾ, ਮੇਰੀ ਜ਼ਿੰਮੇਵਾਰੀ ਹੈ। ਉਹ ਲਾਲਾ ਕਹਿਣ ਲਗਾ, ਕਿ 'ਭਾਈ ਸਾਹਿਬ ਤੁਸੀਂ ਤਾਂ ਇਕ ਪ੍ਰਚਾਰਕ ਹੋ, ਕੋਈ ਧਨਾਢ ਨਹੀ। ਇਥੋਂ ਦੋ ਵਡੇ ਵਡੇ ਸਰਦਾਰ, ਜੋ ਕੋਠੀਆਂ ਤੇ ਕਾਰਖ਼ਾਨਿਆਂ ਦੇ ਮਾਲਕ ਹਨ, ਜਦ ਉਹ ਮੇਰੇ ਪੈਸੇ ਦੇਣ ਵਲ ਧਿਆਨ ਨਹੀਂ ਦੇ ਰਹੇ, ਤਾਂ ਮੈਂ ਕਦੋਂ ਤਕ ਤੁਹਾਡਾ ਇਤਬਾਰ ਕਰ ਸਕਦਾ ਹਾਂ। ਭਾਈ ਸਾਹਿਬ ਕਹਿਣ ਲਗੀ, ਕਿ 'ਲਾਲਾ ਜੀ, ਸਾਡਾ ਆਸਰਾ ਸਤਿਗੁਰੂ ਤੇ ਉਸ ਦੀ ਸੰਗਤ ਤੇ ਹੈ, ਵਡੇ ਸਰਦਾਰਾਂ ਤੇ ਧਨਾਡਾਂ ਤੇ ਨਹੀ। ਮੈਂ ਜਦ ਆਪਣੀ ਜ਼ਿੰਮੇਵਾਰੀ ਲੈ ਰਿਹਾ ਹਾਂ, ਤਾਂ ਤੁਸੀਂ ਕੁਝ ਦਿਨ ਸਬਰ ਕਰੋ, ਸਭ ਕਾਰਜ ਠੀਕ ਹੋ ਜਾਣਗੇ।"

ਪਰ ਉਸ ਲਾਲੇ ਨੂੰ ਸਬਰ ਕਿਥੇ? ਇਕ ਦਿਨ ਉਹ ਭਾਈ ਸਾਹਿਬ ਦੇ ਘਰ ਗਿਆ ਤੇ ਬਹੁਤ ਗੁਸੇ ਵਿਚ, ਆਪੇ ਤੋਂ ਬਾਹਰ ਹੋ ਕੇ ਕਹਿਣ ਲਗਾ, "ਮੈਂ ਹੋਰ ਸਬਰ ਨਹੀਂ ਕਰ ਸਕਦਾ, ਮੈਨੂੰ ਹਰ ਹਾਲਤ ਵਿਚ ਪੈਸੇ ਦੋ ਦਿਨ ਦੇ ਅੰਦਰ ਅੰਦਰ ਚਾਹੀਦੇ ਹਨ, ਭਾਵੇਂ ਤੁਸੀ ਆਪਣੀ ਧੀ ਵੇਚ ਕੇ ਦਿਓ' ਉਸਦੀ ਇਹ ਬਕਵਾਸ ਸੁਣਕੇ ਵੀ ਭਾਈ ਸਾਹਿਬ ਗੁਸੇ ਵਿਚ ਨਹੀਂ ਆਏ, ਸਗੋਂ ਠਰੰਮੇਂ ਨਾਲ ਬੋਲੇ ਕਿ 'ਗੁਰਮੁਖਾ, ਜੇ ਮੇਰੀ ਧੀ ਵੇਚ ਕੇ ਤੇਰੇ ਪੈਸੇ ਪੂਰੇ ਹੋ ਸਕਦੇ ਹਨ ਤਾਂ ਔਹ ਵੇਖ, ਮੇਰੀ ਧੀ ਤੇਰੇ ਸਾਹਮਣੇ ਬੈਠੀ ਹੈ। ਬੇਸ਼ਕ ਲੈ ਜਾ।" ਭਾਈ ਸਾਹਿਬ ਦੇ ਇਹ ਨਿਮਰਤਾ ਵਾਲੇ ਬਚਨ ਸੁਣਕੇ ਉਸਨੂੰ ਬੜੀ ਸ਼ਰਮਿੰਦਗੀ ਹੋਈ ਤੇ ਉਹ ਮਾਫੀ ਮੰਗ ਕੇ ਕਹਿਣ ਲਗਾ, "ਨਹੀਂ ਭਾਈ ਸਾਹਿਬ ਗੁਸੇ ਵਿਚ ਮੇਰਾ ਜਬਾਨ ਤੇ ਕਾਬੂ ਨਹੀਂ ਰਿਹਾ, ਇਸ ਲਈ ਗ਼ਲਤ ਗਲ ਮੂੰਹੋਂ ਨਿਕਲ ਗਈ, ਪਰ ਜਿਵੇਂ ਵੀ ਹੋਵੇ ਦੋ ਤਿੰਨ ਦਿਨ ਵਿਚ ਮੇਰੀ ਰਕਮ ਦੇ ਦਿਓ ਮੈਨੂੰ ਜ਼ਰੂਰਤ ਹੈ"। ਭਾਈ ਸਾਹਿਬ ਇਕ ਮਿੰਟ ਸੋਚ ਕੇ ਬੋਲੇ, "ਚੰਗਾ ਗੁਰਮੁਖਾ, ਇਵੇਂ ਹੀ ਹੋਵੇਗਾ, ਦੋ ਤਿੰਨ ਦਿਨਾਂ ਵਿਚ ਤੈਨੂੰ ਰਕਮ ਦੇ ਦਿਤੀ ਜਾਵੇਗੀ"।

ਅਗਲੇ ਦਿਨ ਭਾਈ ਸੁਧ ਸਿੰਘ ਜੀ, 16 ਬਲਾਕ ਸਰਗੋਧਾ ਵਾਲੇ ਆਪਣੇ ਦੋ ਮੰਜ਼ਲੇ ਰਿਹਾਇਸ਼ੀ ਮਕਾਨ ਦੇ ਸਾਰੇ ਕਾਗਜ਼ ਰਜਿਸਟਰੀ ਆਦਿ ਲੈ ਕੇ, ਇਕ ਸ਼ਾਹੂਕਾਰ ਪਾਸ ਗਏ, ਅਤੇ ਮਕਾਨ ਗਿਰਵੀ ਰਖ ਕੇ ਮਾਇਆ ਲਿਆ ਕੇ, ਉਸ ਲਾਲੇ ਦੇ ਤੇ ਹੋਰਨਾਂ ਦੇ ਸਾਰੇ ਪੈਸੇ ਅਦਾ ਕਰ ਦਿਤੇ ਅਤੇ ਕੁਝ ਪੇਸ਼ਗੀ ਕਾਰੀਗਰਾਂ ਤੇ ਹੋਰ ਦੁਕਾਨਦਾਰਾਂ ਨੂੰ ਦੇ ਦਿਤਾ, ਕਿ ਸਕੂਲ ਦੀ ਉਸਾਰੀ ਵਿਚ ਕੋਈ ਵਿਘਨ ਨਾ ਪਵੇ।

ਬਰ੍ਹਮਾਂ ਵਿਚ ਰਹਿੰਦੇ, ਉਨ੍ਹਾਂ ਦੇ ਕਿਸੇ ਪ੍ਰੇਮੀ ਨੇ ਉਨ੍ਹਾਂ ਨੂੰ ਸਲਾਹ ਦਿਤੀ ਕਿ ਉਹ ਸਕੂਲ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਅਤੇ ਹੋਰ ਮਾਇਆ ਇੱਕਠੀ ਕਰਨ ਲਈ, ਆਪਣੇ ਜਥੇ ਸਮੇਤ ਬਰ੍ਹਮਾ ਆਉਣ ਤੇ ਵੱਡੇ ਸ਼ਹਿਰਾਂ ਵਿਚ ਕੀਰਤਨ ਕਰਕੇ, ਸਕੂਲ ਲਈ ਮਾਇਆ ਇੱਕਠੀ ਕਰਨ। ਭਾਈ ਸੁਧ ਸਿੰਘ ਜੀ ਨੇ ਇਹ ਸਲਾਹ ਮੰਨ ਲਈ, ਅਤੇ ਭਾਈ ਪ੍ਰਧਾਨ ਸਿੰਘ ਤੇ ਜਥੇ ਦੇ ਦੋ ਹੋਰ ਸਾਥੀਆਂ ਸਮੇਤ ਸਮੁੰਦਰੀ ਜਹਾਜ਼ ਰਾਹੀਂ ਬਾਰ੍ਹਮਾ ਪੁਜ ਕੇ ਰੰਗੂਨ ਡੇਰਾ ਜਾ ਲਗਾਇਆ।

ਇਸ ਗਲ ਦਾ ਪਤਾ, ਜਦੋਂ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਹੀਰਾ ਸਿੰਘ ਜੀ ਨੂੰ ਲਗਾ, ਤਾਂ ਉਹ ਬਹੁਤ ਦੁਖੀ ਹੋਏ, ਕਿ ਇਕ ਪੰਥਕ ਕੰਮ ਲਈ, ਭਾਈ ਸੁਧ ਸਿੰਘ ਜੀ ਨੂੰ ਆਪਣਾ ਮਕਾਨ ਗਿਰਵੀ ਰਖ ਕੇ, ਘਰੋਂ ਬੇਘਰ ਹੋ ਕੇ, ਪ੍ਰਦੇਸ ਜਾਣ ਲਈ ਮਜਬੂਰ ਹੋਣਾ ਪਿਆ ਹੈ।

ਇਕ ਦਿਨ ਭਾਈ ਹੀਰਾ ਸਿੰਘ ਜੀ ਆਪਣੇ ਜਥੇ ਸਮੇਤ ਬਿਨਾਂ ਕਿਸੇ ਨੂੰ ਦਸੇ, ਸਰਗੋਧੇ ਪੁਜ ਗਏ ਤੇ ਤਿੰਨ ਬਲਾਕ ਦੇ ਵਡੇ ਗੁਰਦੁਆਰਾ ਸਿੰਘ ਸਭਾ ਵਿਚ ਆ ਟਿਕਾਣਾ ਕੀਤਾ। ਉਨ੍ਹਾਂ ਪ੍ਰਬੰਧਕਾਂ ਨੂੰ ਦਸਿਆ ਕਿ ਉਹ ਇਕ ਹਫਤਾ

ਸਰਗੋਧੇ ਰਹਿ ਕੇ ਕੀਰਤਨ ਕਰਨਗੇ। ਸੰਗਤਾਂ ਨੂੰ ਚਾਅ ਚੜ੍ਹ ਗਿਆ, ਕਿ ਭਾਈ ਹੀਰਾ ਸਿੰਘ ਜਿਹਾ ਮਹਾਨ ਕੀਰਤਨੀਆ, ਜਿਨ੍ਹਾਂ ਨੂੰ ਮੰਗਣ ਲਈ ਸਾਲ ਸਾਲ ਬੇਨਤੀਆਂ ਕਰਕੇ ਵਾਰੀ ਲੈਣੀ ਪੈਂਦੀ ਹੈ, ਉਹ ਆਪੇ ਹੀ, ਬਿਨਾਂ ਬੁਲਾਏ ਆਪਣੀ ਮਰਜ਼ੀ ਨਾਲ ਹੀ ਜਥੇ ਸਮੇਤ ਆ ਗਿਆ ਹੈ ਤੇ ਇਕ ਹਫਤਾ ਕੀਰਤਨ ਕਰੇਗਾ।

ਭਾਈ ਹੀਰਾ ਸਿੰਘ ਜੀ ਸਵੇਰੇ ਅਮ੍ਰਿਤ ਵੇਲੇ ਚਾਰ ਵਜੇ ਕੀਰਤਲ ਕਰਦੇ ਸਨ। ਗੁਰਦੁਆਰੇ ਦਾ ਹਾਲ ਚਾਰ ਵਜੇ ਹੀ ਸੰਗਤਾਂ ਨਾਲ ਖਚਾ ਖਚ ਭਰ ਜਾਂਦਾ ਸੀ। ਭਾਈ ਹੀਰਾ ਸਿੰਘ ਦੀ ਜ਼ਬਾਨ ਤੇ ਸੁਰਸਤੀ ਦਾ ਨਿਵਾਸ ਸੀ। ਕਥਾ ਵਿਆਖਿਆ ਨਾਲ ਉਹ ਸੰਗਤਾਂ ਨੂੰ ਕੀਲ ਲੈਂਦੇ ਸਨ।ਪ੍ਰਸੰਗ ਸੁਣਾਂਦਿਆਂ ਉਹ ਕਈ ਵਾਰੀ ਏਨੇ ਜਜ਼ਬਾਤੀ ਹੋ ਜਾਂਦੇ ਸਨ,ਕਿ ਉਨ੍ਹਾਂ ਦੀਆਂ ਅੱਖਾਂ ਚੋਂ ਅਥਰੂ ਵਗ ਟੁਰਦੇ ਸਨ, ਤੇ ਸੰਗਤਾਂ ਵੀ ਪ੍ਰੇਮ ਵਿਚ ਹੰਝੂ ਕੇਰਨ ਲਗਦੀਆਂ ਸਨ।

ਤੀਜੇ ਦਿਨ ਦੇ ਕੀਰਤਨ ਵਿਚ ਭਾਈ ਹੀਰਾ ਸਿੰਘ ਜੀ ਨੇ 'ਸੰਤ' ਦੀ ਮਹਿਮਾ ਤੇ ਬੋਲਣਾ ਸ਼ੁਰੂ ਕਰ ਦਿਤਾ ਤੇ ਬੋਲਦਿਆਂ ਕਹਿਣ ਲਗੇ, ਕਿ ਸੰਤ ਉਹ ਨਹੀਂ ਹੁੰਦਾ ਜ਼ੋ ਲੰਮਾ ਚੋਲਾ ਪਾ ਲਵੇ, ਗੋਲ ਪਗ ਬੰਨ ਲਵੇ, ਭਗਵੇ ਕਪੜੇ ਪਹਿਨ ਲਵੇ, ਜਾਂ ਹੋਰ ਕੋਈ ਵੇਸ ਬਣਾ ਲਵੇ, ਸੰਤ ਤਾਂ ਆਪ ਗ੍ਰਹਿਸਤੀਆਂ ਵਿਚ ਵੀ ਹੁੰਦੇ ਹਨ। ਪਰ ਉਨ੍ਹਾਂ ਨੂੰ ਕੋਈ ਵਿਰਲੀ ਅੱਖ ਹੀ ਪਛਾਣ ਸਕਦੀ ਹੈ। ਵਿਰਲੇ ਦਾਨੇ ਪੁਰਸ਼ ਹੀ ਆਪਣੇ ਵਿਚ ਵਿਚਰਦੇ ਕਿਸੇ ਗ੍ਰਹਿਸਤੀ ਮਹਾਂਪੁਰਸ਼ ਜਾਂ ਸੰਤ ਨੂੰ ਪਛਾਣ ਸਕਦੇ ਹਨ। ਉਨ੍ਹਾਂ ਫਿਰ ਉਚੀ ਆਵਾਜ ਵਿਚ ਕਿਹਾ, "ਓ ਸਰਗੋਧਾ ਵਾਲਿਓ, ਤੁਹਾਨੂੰ ਪ੍ਰਮਾਤਮਾ ਨੇ ਸੰਤ ਨੂੰ, ਪਛਾਣਨ ਵਾਲੀ ਅੱਖ ਹੀ ਨਹੀਂ ਦਿਤੀ, ਤੁਹਾਡੀਆਂ ਅੱਖਾਂ ਤੇ ਆਗਿਆਨਤਾ ਦੀ ਪਟੀ ਚੜ੍ਹੀ ਹੋਈ ਹੈ।"

ਭਾਈ ਹੀਰਾ ਸਿੰਘ ਦੇ ਇਹ ਬਚਨ ਸੁਣ ਕੇ ਸੰਗਤ ਵਿਚ ਸੱਨਾਟਾ ਛਾ ਗਿਆ ਤੇ ਬਹੁਤੇ ਡਰ ਗਏ, ਦਰੱਵ ਗਏ ਤੇ ਹਥ ਜੋੜ ਕੇ ਭਾਈ ਹੀਰਾ ਸਿੰਘ ਵਲ ਵੇਖਦੇ, ਵਾਹਿਗੁਰੂ ਵਾਹਿਗੁਰੂ ਕਰਨ ਲਗੇ। ਤਾਂ ਭਾਈ ਹੀਰਾ ਸਿੰਘ ਨੇ ਕਿਹਾ, "ਓਏ ਸਰਗੋਧਾ ਵਾਲਿਓ, ਭਾਈ ਸੁਧ ਸਿੰਘ ਵਰਗਾ, ਮਹਾਂਪੁਰਸ਼, ਬ੍ਰਹਮ ਗਿਆਨੀ, ਪੂਰਨ ਸੰਤ ਤੁਹਾਡੇ ਵਿਚ ਰਹਿੰਦਾ ਹੈ, ਤੁਸੀਂ ਉਸ ਨੂੰ ਪਛਾਣ ਨਹੀਂ ਸਕੇ ਤੇ ਕਦਰ ਨਹੀਂ ਪਾਈ। ਤੁਹਾਡੇ ਬੱਚਿਆਂ ਲਈ ਸਕੂਲ ਬਣ ਰਿਹਾ ਹੋਵੇ, ਤੇ ਭਾਈ ਸੁਧ ਸਿੰਘ ਆਪਣਾ ਮਕਾਨ ਗਿਰਵੀ ਰਖ ਕੇ, ਬਰ੍ਹਮਾਂ ਵਿਚ ਬਨਬਾਸ ਕਟ ਰਿਹਾ ਹੋਵੇ, ਤੁਹਾਨੂੰ ਸ਼ਰਮ ਆਣੀ ਚਾਹੀਦੀ ਹੈ, ਜ਼ਰਾ ਆਪਣੇ ਅੰਦਰ ਝਾਤੀ ਮਾਂਰੋ। ਪੰਥ ਸੇਵਕਾਂ ਨੂੰ ਉਨ੍ਹਾਂ ਦੀ ਸੇਵਾ ਦਾ ਇਹ ਬਦਲਾ ਦੇਂਦੇ ਹੈ।? ਦੋ ਤਿੰਨ ਸ੍ਰਦਾਰ ਉਠ ਕੇ ਖੜੇ ਹੋ ਗਏ ਤੇ ਕਹਿਣ ਲਗੇ, "ਮਹਾਰਾਜ ਹੁਕਮ ਕਰੋ, ਸਚੀ ਮੁਚੀ ਸਾਡੀ ਗਲਤੀ ਤੇ ਲਾਪ੍ਰਵਾਹੀ ਹੈ, ਦਸੋ ਹੁਣ ਕੀ ਕਰੀਏ।" ਭਾਈ ਹੀਰਾ ਸਿੰਘ ਜੀ ਕਹਿਣ ਲਗੀ, "ਮੈਂ ਉਦੋਂ ਤਕ ਇਥੇ ਹੀ ਬੈਠਾ ਰਹਾਂਗਾਂ, ਜਦੋਂ ਤਕ ਤੁਸੀਂ ਸਾਰੇ ਮਾਇਆ ਇੱਕਠੀ ਕਰਕੇ, ਭਾਈ ਸੁਧ ਸਿੰਘ ਜੀ ਦਾ ਮਕਾਨ ਛੁਡਵਾ ਕੇ, ਗਿਰਵੀ ਦੇ ਕਾਗਜ਼ ਲਿਆ ਕੇ ਮੈਨੂੰ ਨਹੀਂ ਦੇਂਦੇ।

ਦੋ ਤਿੰਨ ਦਿਨਾਂ ਵਿਚ ਹੀ ਮਾਇਆ ਇਕਠੀ ਕਰ ਲਈ ਗਈ। ਸ਼ਾਹੂਕਾਰ ਨੂੰ ਦੇ ਕੇ, ਗਿਰਵੀ ਦੇ ਕਾਗਜ਼, ਭਾਈ ਹੀਰਾ ਸਿੰਘ ਦੇ ਹਵਾਲੇ ਕੀਤੇ ਗਏ। ਭਾਈ ਹੀਰਾ ਸਿੰਘ ਜੀ ਨੇ ਉਸ ਅਸ਼ਟਾਮ ਦੇ ਚਾਰ ਟੁਕੜੇ ਕਰਕੇ, ਨਾਲ ਆਪਣੀ ਚਿੱਠੀ ਲਿਖ ਕੇ, ਡਾਕ ਰਾਹੀਂ ਬਰ੍ਹਮਾਂ ਵਿਚ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਨੂੰ ਭੇਜ ਦਿਤੇ। ਮੇਰੇ ਪਿਤਾ ਭਾਈ ਪ੍ਰਧਾਨ ਸਿੰਘ ਜੀ ਦਸਦੇ ਸਨ ਕਿ ਜਦ ਉਹ ਲਿਫ਼ਾਫ਼ਾ ਸਾਨੂੰ ਰੰਗੂਨ ਮਿਲਿਆਂ ਤੋਂ ਅਸੀ ਹੈਰਾਨ ਹੋਏ, ਕਿ ਇਸ ਵਿਚ ਤਾਂ ਪਾਟੇ ਹੋਏ ਅਸ਼ਟਾਮ ਹਨ, ਪਰ ਜਦੋਂ ਨਾਲ ਆਈ ਭਾਈ ਹੀਰਾ ਸਿੰਘ ਜੀ ਦੀ ਚਿੱਠੀ ਪੜ੍ਹੀ ਤਾਂ ਅਸਲੀਅਤ ਦਾ ਪਤਾ ਲਗਾ।

ਭਾਈ ਸੁਧ ਸਿੰਘ ਜੀ ਕਹਿਣ ਲਗੇ, 'ਚਲੋ ਇਹ ਤਾਂ ਭਾਈ ਹੀਰਾ ਸਿੰਘ ਜੀ ਨੇ ਚੰਗਾ ਕੀਤਾ, ਪਰ ਹੁਣ ਅਸੀਂ ਏਨੇ ਦੂਰ, ਏਨਾ ਕਿਰਾਇਆ ਖਰਚ ਕਰਕੇ ਆਏ ਹੋਏ ਹਾਂ, ਕੁਝ ਸਮਾਂ ਇਥੇ ਲਗਾ ਕੇ ਸਕੂਲ ਲਈ ਮਾਇਆ ਇਕਤ੍ਰ ਕਰਨੀ ਚਾਹੀਦੀ ਹੈ। ਸੋ ਉਹ ਕੁਝ ਮਹੀਨੇ ਬਰਮਾ ਵਿਚ ਹੀ ਕੀਰਤਨ ਕਰਦੇ ਹਰੇ ਤੇ ਫਿਰ ਵਾਪਸਾ ਹਿੰਦੁਸਤਾਨ ਪਰਤੇ ਤਾਂ ਕਲਕਤੇ ਤੋਂ ਸਮੁੰਦਰੀ ਜਹਾਜ਼ ਤੋਂ ਉਤਰ ਕੇ ਰੇਲ ਰਾਹੀਂ ਅੰਮ੍ਰਿਤਸਰ ਪੁਜ ਗਏ। ਸਰਗੋਧੇ ਦੀ ਸੰਗਤ ਨੇ ਉਨ੍ਹਾਂ ਦਾ ਪ੍ਰੋਗਰਾਮ ਬਰ੍ਹਮਾ ਚਿਠੀ ਲਿਖ ਕੇ ਪਹਿਲਾਂ ਹੀ ਪਤਾ ਕਰ ਲਿਆ ਸੀ।

ਸੰਗਤਾਂ ਫ਼ੈਸਲਾ ਕੀਤਾ ਕਿ ਜਦੋਂ ਭਾਈ ਸਾਹਿਬ ਗਡੀ ਤੋਂ ਉਤ੍ਰਨ ਤਾਂ ਸਟੇਸ਼ਨ ਤੋਂ ਗੁਰਦੁਆਰੇ ਤਕ ਉਨ੍ਹਾਂ ਨੂੰ ਜਲੂਸ ਦੀ ਸ਼ਕਲ ਵਿਚ ਲਿਆਂਦਾ ਜਾਵੇ। ਸਰਗੋਧੇ ਲਈ ਸਿਧੀ ਗਡੀ ਲਾਹੌਰ ਤੋਂ ਸ਼ਾਮ ਵੇਲੇ ਚਲਦੀ ਸੀ ਤੇ ਸਵੇਰੇ ਸਾਢੇ ਤਿੰਨ, ਪੋਣੇ ਚਾਰ ਵਜੇ ਸਰਗੋਧੇ ਪੁਜਦੀ ਸੀ। ਇਹ ਗਡੀ ਮਾੜੀ ਇੰਡਸ ਤਕ ਜਾਂਦੀ ਸੀ।

ਸੰਗਤ ਨੇ ਇਕ ਬੰਦੇ ਨੂੰ ਅੰਮ੍ਰਿਤਸਰ ਭੇਜਿਆ ਕਿ ਉਹ ਭਾਈ ਸਾਹਿਬ ਨੂੰ ਪੁਛ ਕੇ ਆਵੇ ਕਿ ਕਿਤਨੇ ਦਿਨ ਅੰਮ੍ਰਿਤਸਰ ਠਹਿਰਨਗੇ, ਤੋਂ ਸਰਗੋਧੇ ਕਿਸ ਦਿਨ ਪੁਜਣਗੇ। ਉਹ ਬੰਦਾ ਅੰਮ੍ਰਿਤਸਰ ਪੁਜ ਕੇ, ਭਾਈ ਵੀਰ ਸਿੰਘ ਜੀ ਦੀ ਕੋਠੀ ਤੋਂ ਉਨ੍ਹਾਂ ਦੇ ਟਿਕਾਣੇ ਦਾ ਪਤਾ ਕਰਕੇ, ਭਾਈ ਸਾਹਿਬ ਨੂੰ ਜਾ ਮਿਲਿਆ ਤੇ ਦਸਿਆ ਕਿ ਮੈਂ ਤੁਹਾਡਾ ਪ੍ਰੋਗਰਾਮ ਪਤਾ ਕਰਨ ਆਇਆ ਹਾਂ, ਸੰਗਤ ਨੇ ਤੁਹਾਡੇ ਮਾਣ ਵਿਚ ਜਲੂਸ ਕਢਣਾ ਹੈ। ਭਾਈ ਸਾਹਿਬ ਨੇ ਕਿਹਾ, ਅਜੇ ਸਾਡਾ ਪ੍ਰੋਗਰਾਮ ਪਤਾ ਨਹੀਂ, ਤੁਹਾਨੂੰ ਸਰਗੋਧੇ ਸੂਚਨਾ ਦੇ ਦਿਆਂਗੇ, ਦੂਸਰੇ ਦਿਨ ਆਪਣੇ ਸਾਥੀਆਂ ਨੂੰ ਕਹਿਣ ਲਗੇ, ਤਿਆਰੀ ਕਰੋ, ਅਜ ਸ਼ਾਮ ਦੀ ਗਡੀ ਸਰਗੇਧੇ ਜਾਣਾ ਹੈ।

ਸ਼ਾਮ ਨੂੰ ਗਡੀ ਰਾਹੀਂ ਅੰਮ੍ਰਿਤਸਰ ਤੋਂ ਲਾਹੌਰ ਤੇ ਉਥੋਂ ਗਡੀ ਬਦਲ ਕੇ ਸਵੇਰੇ ਚਾਰ ਵਜੇ ਸਰਗੋਧੇ ਪੁਜ ਕੇ ਸਿਧੇ ਗੁਰਦੁਆਰੇ ਪੁਜ ਕੇ ਕੀਰਤਨ ਸ਼ੁਰੂ ਕਰ ਦਿਤਾ। ਜਦ ਸੰਗਤ ਇੱਕਠੀ ਹੋਈ ਤਾ ਵੇਖ ਕੇ ਹੈਰਾਨ ਹੋ ਗਈ, ਕਿ ਅਸਾਂ ਤਾਂ ਇਨ੍ਹਾਂ ਨੂੰ ਜਲੂਸ ਵਿਚ ਲਿਆਣਾ ਸੀ, ਇਹ ਬਿਨਾਂ ਦਸੇ ਪਹਿਲਾਂ ਹੀ ਪੁਜ ਗਏ ਹਨ ਤੇ ਕੀਰਤਨ ਕਰ ਰਹੇ ਹਨ। ਸੰਗਤਾਂ ਦੇ ਪੁਛਣ ਤੇ ਉਹਨਾਂ ਦਸਿਆ ਕਿ ਉਹਨਾਂ ਅਜੇ ਅੰਮ੍ਰਿਤਸਰ ਹੋਰ ਠਹਿਰਨਾ ਸੀ, ਪਰ ਸਰਗੋਧੇ ਦੀ ਸੰਗਤ ਵਲੋਂ ਜਲੂਸ ਕਢਣ ਦੇ ਵਿਚਾਰ ਨੂੰ, ਰੋਕਣ ਲਈ ਇਕਦਮ ਸਰਗੋਧੇ ਪੁਜ ਗਏ। ਉਹਨਾਂ ਕਿਹਾ, "ਮੈਂ ਸੰਗਤ ਦਾ ਤੇ ਗੁਰੂ ਪੰਥ ਦਾ ਨਿਮਾਣਾ ਸੇਵਕ ਹਾਂ ਤੇ ਸੇਵਕ ਹੀ ਰਹਿਣਾ ਚਾਹੁੰਦਾ ਹਾਂ। ਮਾਨ ਸਨਮਾਨ ਦੇ ਚਕਰ ਵਿਚ ਪੈ ਕੇ ਆਪਣੇ ਰਾਹ ਤੋਂ ਕੁਰਾਹੇ ਨਹੀਂ ਪੈਣਾ ਚਾਹੁੰਦਾ।ਤੁਹਾਡੇ ਮਨ ਵਿਚ ਮੇਰਾ ਮਾਣ ਵਧਾਣ ਦਾ ਵਿਚਾਰ ਆਇਆ, ਇਹੀ ਮੇਰੇ ਲਈ ਵਡਾ ਮਾਣ ਤੇ ਸਤਿਕਾਰ ਹੈ। ਤੁਹਾਡੇ ਇਸ ਵਿਚਾਰ ਨਾਲ ਹੀ ਸੇਵਕ ਨੂੰ ਥਾਪੜਾ ਤੇ ਸ਼ਾਬਾਸ਼ ਮਿਲ ਗਈ ਹੈ। ਮੇਰੇ ਲਈ ਇਤਨਾ ਹੀ ਕਾਫੀ ਹੈ। ਜਲੂਸ ਵਡੇ ਲੀਡਰਾਂ ਜਾਂ ਬਹੁਤ ਵਡੇ ਮਹਾਂਪੁਰਸ਼ਾਂ ਦੇ ਸੋਭਦੇ ਹਨ, ਮੈਂ ਕੀਰਤਨੀਆਂ ਹੀ ਬਣਿਆ ਰਹਿਣਾ ਚਾਹੁੰਦਾ ਹਾਂ।"

ਇਸ ਜਥੇ ਦਾ ਜੀਵਨ, ਆਦਰਸ਼ ਜੀਵਨ ਸੀ। ਇਨ੍ਹਾਂ ਨੇ ਨਿਯਮ ਬਣਾ ਕੇ ਪ੍ਰਣ ਕਰ ਲਿਆ ਸੀ। ਕਿ ਕਿਸੇ ਥਾਂ ਵੀ ਕੀਰਤਨ ਕਰਨ ਲਈ ਮਾਇਆ ਦਾ ਚੁਕਾਵਾ ਜਾਂ ਸੈਟਲਮੈਂਟ ਨਹੀਂ ਕਰਨੀ। ਸਗੋਂ ਜੋ ਸਹਿਜ ਸੁਭਾ ਪ੍ਰਬੰਧਕਾਂ ਤੇ ਸੰਗਤਾਂ ਚੋਂ ਮਿਲ ਜਾਵੇ, ਉਸ ਤੇ ਸੰਤੁਸ਼ਟ ਰਹਿਣਾ ਹੈ। ਮੁੱਖ ਪ੍ਰਚਾਰ ਨੂੰ ਰੱਖਣਾ ਹੈ ਪੈਸੇ ਨੂੰ ਨਹੀਂ। ਕਈ ਵਾਰੀ ਕਈ ਥਾਵਾਂ ਤੇ ਕੀਰਤਨ ਕਰਨ ਪਿਛੋਂ ਉਨ੍ਹਾਂ ਦਾ ਆਉਣ ਜਾਣ ਦਾ ਕਿਰਾਇਆ ਵੀ ਪੂਰਾ ਨਹੀਂ ਸੀ ਹੁੰਦਾ, ਪਰ ਉਨ੍ਹਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ ਤੇ ਨਾ ਹੀ ਇਸ ਗੱਲ ਦਾ ਪ੍ਰਗਟਾਵਾਂ ਪ੍ਰਬੰਧਕਾਂ ਨਾਲ ਕਰਦੇ ਸਨ। ਇਸ ਅਸੂਲ ਤੇ ਉਹ ਏਨੀ ਸਖ਼ਤੀ ਨਾਲ ਅਮਲ ਕਰਦੇ ਸਨ ਕਿ ਜੋ ਕੋਈ ਗੁਰਦੁਆਰਾ ਕਮੇਟੀ ਜਾਂ ਪ੍ਰਬੰਧਕ ਉਨ੍ਹਾਂ ਨਾਲ ਪੈਸੇ ਸੈਟਲ ਕਰਨ ਦੀ ਕੋਸ਼ਿਸ਼ ਕਰਦਾ ਤਾ ਉਹ ਉਸ ਪੋਗਰਾਮ ਤੇ ਨਹੀਂ ਜਾਂਦੇ ਸਨ। ਇਕ ਵਾਰੀ ਲਖਨਊ ਦੀ ਗੁਰਦੁਆਰਾ ਕਮੇਟੀ ਨੇ ਉਹਨਾਂ ਨੂੰ ਇਕ ਗੁਰਪੁਰਬ ਤੇ ਆਉਣ ਲਈ ਸੱਦਾ ਘੱਲਿਆ।ਇਹਨਾਂ ਨੇ ਪ੍ਰਵਾਨਗੀ ਘੱਲ ਦਿੱਤੀ। ਉਨਾਂ ਪੁੱਛ ਘੱਲਿਆ ਕਿ ਮਾਇਆ ਕਿੰਨੀ ਲਵੋਗੇ। ਭਾਈ ਸਾਹਿਬ ਨੇ ਉਤਰ ਦਿੱਤਾ 'ਜੇ ਸਹਿਜ ਸੁਭਾਇ ਮਿਲ ਜਾਵੇ, ਪ੍ਰਵਾਨ ਕਰਦੇ ਹਾਂ। "ਤੁਸੀ ਚਿੰਤਾ ਨਾ ਕਰੋ ਅਸੀ ਜ਼ਰੂਰ ਪੁਜਾਂਗੇ ਤੇ ਸੇਵਾ ਕਰਾਂਗੇ।" ਗੁਰਦੁਆਰਾ ਕਮੇਟੀ ਨੇ ਫਿਰ ਲਿਖਿਆ "ਤੁਸੀਂ ਤਾਂ ਕੁਝ ਦੱਸਦੇ ਨਹੀਂ, ਪਰ ਅਸਾਂ ਪਾਸ ਕੀਤਾ ਹੈ ਕਿ ਆਪ ਨੂੰ ਗਿਆਰਾਂ ਸ" ਰੁਪਏ, ਆਣ ਜਾਣ ਦਾ ਕਿਰਾਇਆ ਸੰਗਤ ਚੋਂ ਆਈ ਕੀਰਤਨ ਭੇਟ ਪੇਸ਼ ਕੀਤੀ ਜਾਵੇਗੀ। ਤੁਸੀਂ ਜ਼ਰੂਰ ਪੁੱਜ ਜਾਣਾ"। ਭਾਈ ਸੁਧ ਸਿੰਘ ਜੀ ਨੇ ਚਿੱਠੀ ਪੜ੍ਹਕੇ ਉਤਰ ਦਿੱਤਾ " ਅਸਾਂ ਤੁਹਾਨੂੰ ਪਹਿਲੀ ਚਿੱਠੀ ਵਿਚ ਹੀ ਆਣ ਦੀ ਪ੍ਰਵਾਨਗੀ ਦੇ ਦਿੱਤਾ ਸੀ ਤੇ ਫਿਰ ਇਹ ਵੀ ਲਿਖਿਆ ਸੀ ਕਿ ਅਸੀਂ ਕੀਰਤਨ ਭੇਟ ਦਾ ਚੁਕਾਵਾ ਨਹੀਂ ਕਰਦੇ। ਪਰ ਹੁਣ ਤੁਸਾਂ ਲਿਖ ਦਿੱਤਾ ਕਿ ਕਮੇਟੀ ਗਿਆਰਾਂ ਸੌ ਰੁਪਏ ਤੇ ਕਿਰਾਇਆ ਦੇਵੇਗੀ। ਭਾਵੇਂ ਇਹ ਰਕਮ ਅੱਜ ਕਲ੍ਹ ਜ਼ਮਾਨੇ ਅਨੁਸਾਰ ਬਹੁਤ ਵੱਡੀ ਰਕਮ ਹੈ (ਇਹ 1945-46 ਦੀ ਗੱਲ ਹੈ), ਤੁਸੀਂ ਇਸ ਤੋਂ ਅੱਧੀ ਭੇਟਾ ਵੀ ਦੇਂਦੇ ਤਾਂ ਵੀ ਅਸੀਂ ਖੁਸ਼ੀ ਤੇ ਧੰਨਵਾਦ ਨਾਲ ਸਵੀਕਾਰ ਕਰਦੇ, ਪਰ ਚੂੰਕਿ ਤੁਸਾਂ ਸਾਨੂੰ ਇਹ ਰਕਮ ਪਹਿਲਾਂ ਲਿਖ ਦਿੱਤੀ ਹੇ, ਤਾਂ ਇਹ ਵੀ ਸਿੱਧੇ ਜਾਂ ਪੁੱਠੇ ਤਰੀਕੇ ਨਾਲ ਸੈਟਲਮੈਂਟ ਹੀ ਹੋਈ, ਜੋ ਸਾਡੇ ਅਸੂਲ ਦੇ ਵਿਰੁੱਧ ਹੈ, ਹੁਣ ਅਸੀਂ ਨਹੀਂ ਆਵਾਂਗੇ, ਕਿਉਂਕਿ ਅਸਾਂ ਮਾਇਆ ਨੀਅਤ ਕਰਕੇ ਕਿਧਰੇ ਨਹੀਂ ਜਾਂਦੇ। ਜੋ ਤੁਸੀ ਇਹ ਰਕਮ ਪਾਸ ਵੀ ਕਰ ਦਿੱਤੀ ਸੀ ਤਾ ਵੀ ਸਾਨੂੰ ਨਾ ਲਿਖ ਭੇਜਦੇ ਤੇ ਆਪਣੇ ਦਿਲ ਵਿਚ ਹੀ ਰਖਦੇ, ਤਾਂ ਵੀ ਹੋਰ ਗੱਲ ਸੀ।" ਅੱਜ ਦੇ ਰਾਗੀ ਜਥਿਆਂ ਦੇ ਵਪਾਰਕ ਜੀਵਨ ਤੇ ਕਥਨੀ ਤੋ ਕਰਨੀ ਨੂੰ ਵੇਖੀਏ ਤਾਂ ਸਾਨੂੰ ਅਫ਼ਸੋਸ ਲਗਦਾ ਹੈ। ਇਹੀ ਕਾਰਣ ਹੈ ਕਿ ਅੱਜ ਰਾਗੀ ਜਥੇ ਬਹੁਤ ਹਨ, ਪਰ ਲੋਕਾਂ ਦੇ ਜੀਵਨ ਤੇ ਅਸਰ ਨਹੀਂ, ਪ੍ਰਚਾਰ ਦੀ ਘਾਟ ਹੈ, ਪਰ ਉਦੋਂ ਰਾਗੀ ਜਥੇ ਘਟ ਤੇ ਪ੍ਰਚਾਰ ਜ਼ਿਆਦਾ ਸੀ, ਲੋਕਾ ਦੇ ਜੀਵਨ ਤੇ ਪ੍ਰਚਾਰ ਦਾ ਪ੍ਰਭਾਵਾ ਸੀ। ਪ੍ਰਚਾਰ ਦਾ ਪ੍ਰਭਾਵ ਪ੍ਰਚਾਰਕ ਦੇ ਜੀਵਨ ਤੇ ਨਿਰਭਰ ਕਰਦਾ ਹੈ।

ਜਿਸ ਤਰ੍ਹਾਂ ਪਹਿਲਾਂ ਦਸਿਆ ਹੈ ਕ ਇਸ ਜਥੇ ਵਿਚ ਚਾਰ ਵਿਅਕਤੀ ਸਨ। ਭਾਈ ਸੁਧ ਸਿੰਘ ਜੀ ਤੇ ਭਾਈ ਪ੍ਰਧਾਨ ਸਿੰਘ ਜੀ ਹਾਰਮੋਨੀਅਮ ਵਜਾਂਦੇ ਸਨ। ਭਾਈ ਠਾਕਰ ਸਿੰਘ ਜੀ ਤਬਲਾ ਅਤੇ ਭਾਈ ਮੱਖਣ ਸਿੰਘ ਜੀ ਦਿਲਰੁਬਾ। ਜਥੇ ਵਿਚ ਇਕ ਤੰਤੀ ਸਾਜ਼ ਵਜਾਣ ਵਾਲਾ ਹੋਣਾ, ਉਹ ਜ਼ਰੂਰੀ ਸਮਝਦੇ ਸਨ। ਅੱਜ ਕੱਲ੍ਹ ਦੇ ਜਥਿਆਂ ਵਿਚ ਆਏ ਦਿਨ ਸਾਥੀ ਬਦਲਦੇ ਰਹਿੰਦੇ ਹਨ। ਸੱਕੇ ਭਰਵਾਂ ਦੇ ਜਥੇ ਵੀ ਟੁੱਟ ਜਾਂਦੇ ਹਨ, ਆਮ ਜਥਿਆਂ ਦੇ ਜਥੇਦਾਰ ਚੰਗੇ, ਪਰ ਸਾਥੀ ਕਮਜ਼ੋਰ ਰਖਦੇ ਹਨ। ਇਸ ਦਾ ਇਕੋ ਇਕ ਕਾਰਣ ਸਾਥੀਆਂ ਵਿਚ ਮਾਇਆ ਦੀ ਵੰਡ ਹੈ। ਪੈਸੇ ਦੇ ਲਾਲਚ ਵਿਚ ਛੇਤੀ ਹੀ ਨਾਰਾਜ਼ਗੀ ਹੋ ਜਾਂਦੀ ਹੈ। ਪਰ ਕਮਾਲ ਹੈ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦੇ ਰਾਗੀ ਜਥੇ ਦੀ , ਕਿ ਜੋ ਸਾਥੀ ਮਿਲਿਆ ਆਖ਼ਰੀ ਵਕਤ ਤਕ ਨਿਭਿਆ। ਜਥੇ ਨੇ ਪੌਣੀ ਸਦੀ ਕੀਰਤਨ ਦੀ ਸੇਵਾ ਕੀਤੀ, ਪਰ ਚਾਰੇ ਸਾਥੀ ਅੰਤ ਤੱਕ ਕਾਇਮ ਰਹੇ। ਭਾਈ ਸਾਹਿਬ ਸੁਧ ਸਿੰਘ ਜੀ ਜਥੇਦਾਰ ਸਨ। ਪਹਿਲਾਂ ਪਹਿਲਾਂ ਉਹ ਸਾਥੀਆਂ ਨੂੰ ਤਨਖ਼ਾਹ ਦੇਂਦੇ ਸਨ। ਫਿਰ ਵਖ ਵਖ ਹਿੱਸੇ ਰੱਖ ਦਿੱਤੇ, ਤੇ ਫਿਰ ਸਾਰਿਆਂ ਦੇ ਹਿੱਸੇ ਬਰਾਬਰ ਬਰਾਬਰ ਕਰ ਦਿੱਤੇ ਇਕੋ ਜਿਹੇ। ਅੱਜ ਪੰਥ

ਵਿਚ ਇਕ ਵੀ ਅਜਿਹਾ ਜਥਾ ਨਹੀਂ ਮਿਲ ਸਕਦਾ, ਜਿਸ ਦੇ ਮੈਂਬਰ ਸਾਰੇ ਬਰਾਬਰ ਹਿੱਸਾ ਲੈਂਦੇ ਹੋਣ, ਜਾਂ ਬਹੁਤਾ ਚਿਰ ਇਕੱਠੇ ਰਹਿਣ।

ਦੇਸ਼ ਦੀ ਵੰਡ ਪਿਛੋਂ ਜਦ ਇਹ ਜਥਾ ਦਿੱਲੀ ਆ ਗਿਆ ਤਾਂ ਇਕ ਵੱਡੇ ਸਰਦਾਰ ਨੇ ਭਾਈ ਸੁਧ ਸਿੰਘ ਜੀ ਨੂੰ ਲਾਜਪਤ ਨਗਰ ਵਿਚ ਮਕਾਨ ਬਣਾਣ ਲਈ, ਪਲਾਟ ਅਲਾਟ ਕਰਵਾ ਦੇਣ ਦੀ ਪੇਸ਼ਕਸ਼ ਕੀਤੀ। ਪਰ ਭਾਈ ਸਾਹਿਬ ਨੇ ਕਿਹਾ ਕਿ "ਜੇ ਮੇਰਾ ਮਕਾਨ ਬਣਨਾ ਹੈ ਤਾਂ ਮੇਰੇ ਸਾਥੀਆਂ ਦੇ ਵੀ ਬਣਨਗੇ। ਜੇ ਪਲਾਟ ਅਲਾਟ ਕਰਵਾ ਸਕਦੇ ਹੋ ਤਾਂ ਚਾਰ ਕਰਵਾਣੇ ਪੈਣਗੇ।" ਇਸੇ ਤਰ੍ਹਾਂ ਹੀ ਹੋਇਆ, ਚਾਰ ਪਲਾਟ ਅਲਾਟ ਕਰਵਾਏ ਗਏ, ਚਾਰ ਮਕਾਨ ਬਣੇ। ਮਕਾਨ ਬਣਦਿਆਂ ਦੋਸਤਾਂ ਮਿੱਤਰਾਂ ਨੇ ਮਾਇਕ ਸਹਾਇਤਾ ਵੀ ਘੱਲੀ, ਉਹ ਵੀ ਚਾਰ ਹਿੱਸਿਆਂ ਵਿਚ ਹੀ ਲਗੀ। ਮਾਇਕ ਸਹਾਇਤਾ ਭੇਜਣ ਵਾਲਿਆਂ ਵਿਚ ਵੱਡੇ ਸਰਦਾਰਾਂ ਤੋਂ ਇਲਾਵਾ ਭਾਈ ਸਾਹਿਬ ਵੀਰ ਸਿੰਘ ਜੀ ਵੀ ਸਨ।

ਪੰਥ ਦੀਆਂ ਉਘੀਆਂ ਹਸਤੀਆਂ, ਜਿਵੇਂ ਕਿ ਭਾਈ ਵੀਰ ਸਿੰਘ ਜੀ, ਸੰਤ ਸੰਗਤ ਸਿੰਘ ਜੀ ਕਮਾਲੀਏ ਵਾਲੇ, ਸਰ ਸੁੰਦਰ ਸਿੰਘ ਮਜੀਠੀਆਂ, ਮਲਕ ਸਰ ਤੇਜਾ ਸਿੰਘ ਜੀ, ਮਲਿਕ ਹਰਦਿਤ ਸਿੰਘ ਜੀ, ਸ. ਉਜਲ ਸਿੰਘ ਜੀ, ਸਰ ਸੋਭਾ ਸਿੰਘ ਜੀ, ਸ੍ਰ. ਸੁੰਦਰ ਸਿੰਘ ਧੂਪੀਆ, ਪ੍ਰੋ. ਪੂਰਨ ਸਿੰਘ ਜੀ, ਭਾਈ ਅਰਦਮਨ ਸਿੰਘ ਜੀ ਬਾਗੜੀਆਂ, ਸ੍ਰ. ਅਰਜਨ ਸਿੰਘ, ਰਾਏ ਬਹਾਦਰ ਮੋਹਨ ਸਿੰਘ ਉਬਰਾਏ ਆਦਿ ਪ੍ਰਸਿਧ ਪੰਥਕ ਹਸਤੀਆਂ, ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦੇ ਜਥੇ ਦੇ ਵਡੇ ਸ਼ਰਧਾਲੂ ਤੇ ਕਦਰਦਾਨ ਸਨ। ਇਨ੍ਹਾਂ ਦੇ ਘਰਾਂ ਵਿਚ ਹਰ ਪ੍ਰਕਾਰ ਦੇ ਸਮਾਗਮਾਂ ਤੇ ਇਸੇ ਜਥੇ ਦਾ ਹੀ ਕੀਰਤਨ ਹੁੰਦਾ ਸੀ। ਇਨ੍ਹਾਂ ਦੇ ਪੁੱਤਰਾਂ ਧੀਆਂ ਦੀਆਂ ਸ਼ਾਦੀਆਂ ਦੀਆਂ ਰਸਮਾਂ ਭੀ ਇਨ੍ਹਾਂ ਹਥੋਂ ਸੰਪੂਰਨ ਹੁੰਦੀਆਂ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਜਦੋਂ ਇਹ ਜਥਾ ਦਿੱਲੀ ਆਉਂਦਾ ਸੀ ਤਾਂ ਇਨ੍ਹਾਂ ਦਾ ਟਿਕਾਣਾ ਸ. ਸੋਭਾ ਸਿੰਘ ਜੀ ਦੀ ਕੋਠੀ ਬੈਕੁੰਠ 1- ਕੁਈਨਜ਼ਵੇ (ਹੁਣ ਜਨਪਥ) ਵਿਚ ਹੀ ਹੁੰਦਾ ਸੀ। ਇਸ ਕੋਠੀ ਦੀ ਅਨੈਕਸੀ ਵਿਚ ਦੇ ਕਮਰੇ ਪਕੇ ਤੌਰ ਤੇ ਇਸ ਜਥੇ ਲਈ ਖਾਲੀ ਰੱਖੇ ਜਾਂਦੇ ਸਨ ਤੇ ਉਨ੍ਹਾਂ ਕਮਰਿਆਂ ਨੂੰ ਭਾਈ ਸੁਧ ਸਿੰਘ ਜੀ ਦੇ ਕਮਰੇ ਕਿਹਾ ਜਾਂਦਾ ਸੀ।

ਭਾਈ ਪ੍ਰਧਾਨ ਸਿੰਘ ਜੀ ਮੇਰੇ ਪਿਤਾ ਸਨ, ਤੇ ਭਾਈ ਸੁਧ ਸਿੰਘ ਜੀ ਮੇਰੇ ਬਾਬਾ ਜੀ। ਬਚਪਨ ਤੋਂ ਹੀ ਮੇਰੇ ਜੀਵਨ ਉਤੇ ਉਨ੍ਹਾਂ ਦੇ ਜੀਵਨ ਦਾ ਪ੍ਰਭਾਵ ਤੇ ਛਾਪ ਰਹੀ ਹੈ। ਇਹੀ ਕਾਰਨ ਹੈ ਕਿ ਮੈਨੂੰ 12-13 ਸਾਲਾਂ ਦੀ ਉਮਰ ਵਿਖ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਕੰਠ ਸਨ ਅਤੇ 14 ਸਾਲ ਦੀ ਉਮਰ ਵਿਚ ਇਨ੍ਹਾਂ ਬਾਣੀਆਂ ਤੋਂ ਇਲਾਵਾ ਰਾਮਕਲੀ ਦੀ ਵਾਰ ਅਤੇ ਗੁਰੂ ਨਾਨਕ ਸਾਹਿਬ ਦਾ ਬਾਰਾਂ ਮਾਹ ਤੁਖਾਰੀ ਵੀ ਜ਼ਬਾਨੀ ਕੰਠ ਸੀ। ਉਨ੍ਹਾਂ ਦੇ ਕੀਰਤਨੀ ਹੋਣ ਕਰਕੇ, ਮੈਨੂੰ ਸ਼ੁਰੂ ਤੋਂ ਹੀ ਸੰਗੀਤ ਦਾ ਸ਼ੋਕ ਸੀ। ਸਾਡੇ ਪ੍ਰਵਾਰ ਦੀ ਭਾਈ ਵੀਰ ਸਿੰਘ ਜੀ ਨਾਲ ਨੇੜਤਾ ਤੇ ਪਿਆਰ ਹੋਣ ਕਰਕੇ, ਮੈਨੂੰ ਕਵਿਤਾ ਦੀ ਭੀ ਰੰਗਤ ਚੜ੍ਹੀ ਤੇ ਮੈਂ ਸਕੂਲ ਤੇ ਬਾਅਦ ਵਿਖ ਕਾਲਜ ਲਾਈਫ਼ ਵਿਚ ਆਪ ਕਵਿਤਾ ਲਿਖਣੀ ਸ਼ੁਰੂ ਕਰ ਦਿਤੀ ਸੀ। ਕਵਿਤਾ ਤੇ ਸੰਗੀਤ ਦੇ ਦੋਵੇਂ ਗੁਣ ਮਿਲਣ ਕਰਕੇ, ਜਦੋਂ ਮੇਰਾ ਨਾਂ ਸਿਖ ਸਟੇਜਾਂ ਤੇ ਪ੍ਰਸਿਧ ਹੋਇਆ, ਤੇ ਫਿਰ ਰੇਡੀਓ, ਰੀਕਾਰਡਾਂ ਅਤੇ ਟੀ.ਵੀ. ਰਾਹੀਂ ਵੀ ਕੁਝ ਪ੍ਰਸਿਧੀ ਮਿਲੀ ਅਤੇ ਲੋਕਾਂ ਨੇ ਮੇਰੇ ਪਿਤਾ ਜੀ ਪਾਸ ਮੇਰੀ ਪ੍ਰਸੰਸਾ ਕਰਨੀ ਸ਼ੁਰੂ ਕਰ ਦਿਤੀ, ਤਾਂ ਉਹ ਪ੍ਰਸੰਨ ਹੋ ਕੇ, ਮੈਨੂੰ ਥੋੜੀ ਬਹੁਤ ਸ਼ਾਬਾਸ਼ ਦੇ ਦੇਂਦੇ ਸਨ, ਪਰ ਉਹ ਚਾਹੁੰਦੇ ਸਨ ਕਿ ਮੈਂ ਹੋਰ ਪੂਰਨਤਾ ਹਾਸਲ ਕਰਾਂ।

ਮੇਰੀ ਰੇਡੀਓ ਤੇ ਟੀ.ਵੀ ਦੇ ਮਹਿਕਮੇ ਵਿਚ ਸਰਵਿਸ ਦੇ ਦੌਰਾਨ ਜਦੋਂ ਕੋਈ ਮੇਰੀ ਤਾਰੀਫ਼ ਕਰਦਾ ਸੀ, ਤਾਂ ਮੈਂ ਇਹੀ ਕਹਿੰਦਾ ਸਾਂ, ਕਿ ਮੇਰੇ ਵਿਚ ਤਾਂ ਕੋਈ ਗੁਣ ਨਹੀਂ, ਇਹ ਤਾਂ ਵਡਿਆਂ ਦੀ ਕੀਤੀ ਕਮਾਈ ਦੀ ਬਰਕਤ ਤੇ ਉਨ੍ਹਾਂ ਦੀ ਘਾਲੀ ਘਾਲਣਾ ਵਿਚੋਂ, ਮਾਸਾ ਜਿੰਨਾਂ ਮਿਲਿਆ ਸੀਤ ਪ੍ਰਸ਼ਾਦ ਹੀ ਹੈ। ਸਭ ਕੁਝ ਉਨ੍ਹਾਂ ਦੀਆਂ ਅਸੀਸਾਂ ਤੇ ਅਸ਼ੀਰਵਾਦ ਦਾ ਸਦਕਾ ਹੈ, ਨਹੀਂ ਤਾਂ ਮੇਰੇ ਵਰਗੇ ਕਿਸੇ ਗਿਣਤੀ ਵਿਚ ਨਹੀਂ ਆਉਂਦੇ। ਭਾਈ ਸੁਧ ਸਿੰਘ ਜੀ ਸਹੀ ਅਰਥਾਂ ਵਿਚ ਬ੍ਰਹਮ ਗਿਆਨੀ ਸਨ। ਸਦਾ ਪ੍ਰਸੰਨ ਚਿਤ ਮੁਸਕ੍ਰਾਂਦੇ ਰਹਿੰਦੇ ਸਨ "ਸਭ ਕਿਛ ਕੀਤਾ ਤੇਰਾ ਹੋਵੇ, ਨਾ ਹੀ ਕੁਛ ਅਸਾੜਾ ਜੀਓ" ਦੇ ਮਹਾਂਵਾਕ ਤੇ ਅਮਲ ਕਰਨ ਵਾਲੇ ਸਨ। ਉਨ੍ਹਾਂ ਦਾ ਇਕੋ ਇਕ ਲੜਕਾ ਸਤਿਨਾਮ ਸਿੰਘ, ਹਾਰਟ ਅਟੈਕ ਹੋਣ ਨਾਲ ਭਰ ਜੋਬਨ ਵਿਚ ਹੀ ਚਲ ਵਸਿਆ। ਜਦੋਂ ਦੁਪਿਹਰੇ ਉਸ ਦਾ ਸਸਕਾਰ ਕਰਕੇ ਸ਼ਮਸ਼ਾਨ ਭੂਮੀ ਤੋਂ ਵਾਪਸ ਉਨ੍ਹਾਂ ਦੇ ਘਰ ਪਰਤੇ ਤਾਂ ਉਹ ਹਥ ਜੋੜ ਕੇ ਸੰਗਤਾਂ ਨੂੰ ਕਹਿਣ ਲਗੇ "ਹੁਣ ਤੁਸੀਂ ਜਾਓ ਮੈਂ ਥੋੜਾ ਆਰਾਮ ਕਰਨਾ ਹੈ।" ਇਹ ਕਹਿਕੇ ਆਪਣੇ ਬੈਡਰੂਮ ਵਿਚ ਚਲੇ ਗਏ ਤੇ ਦਰਵਾਜ਼ਾ ਬੰਦ ਕਰ ਲਿਆ। ਲੋਕ ਹੈਰਾਨ ਸਨ ਕਿ ਭਾਈ ਸਾਹਿਬ ਦਾ ਇਕਲੋਤਾ ਪੁੱਤਰ ਬੇਵਕਤ ਚਲਾਣਾ ਕਰ ਗਿਆ ਹੈ। ਇਹ ਪੁੱਤਰ ਉਨ੍ਹਾਂ ਲਈ ਬੁਢੇਪੇ ਦਾ ਆਸਰਾ ਤੇ ਡੰਗੋਰੀ ਸੀ। ਪਰ ਉਸ ਦੀ ਮੌਤ ਨਾਲ ਭੀ ਭਾਈ ਸਾਹਿਬ ਦੇ ਮਥੇ ਤੇ ਵਟ ਨਹੀਂ ਪਿਆ ਤੇ ਨਾ ਹੀ ਅੱਖਾਂ ਵਿਚ ਹੰਝੂ ਆਏ ਸਨ। ਕਈ ਹਮਦਰਦੀ ਜਿਤਾਉਂਦਿਆਂ ਕਹਿੰਦੇ, ਵੇਖੋ ਜੀ ਇਹ ਹਾਰਟ ਅਟੈਕ ਕਿੰਨੀ ਨਾਮੁਰਾਦ ਬੀਮਾਰੀ ਹੈ। ਕਿ ਅਚਣਚੇਤ ਜੁਆਨ ਬੰਦੇ ਨੂੰ ਖੋਹ ਲੈ ਗਈ ਹੈ।" ਤਾਂ ਭਾਈ ਸਾਹਿਬ ਮੁਸਕਰਾ ਕੇ ਕਹਿੰਦੇ, "ਨਹੀਂ ਗੁਰਮੁਖਾ, ਇਹ ਤਾਂ ਬਹੁਤ ਚੰਗੀ ਬੀਮਾਰੀ ਹੈ। ਸਾਡਾ ਪੁੱਤਰ ਨਾ ਬੀਮਾਰ ਹੋਇਆ, ਨਾ ਮੰਜੇ ਤੇ ਪਿਆ, ਨਾ ਲੰਮੀ ਤਕਲੀਫ਼ ਝਲੀ, ਨਾ ਸਾਥੋਂ ਸੇਵਾ ਕਰਵਾਈ।ਵਡੇ ਭਾਗਾਂ ਵਾਲਾ ਸੀ ਕਿ ਇਕ ਦਮ, ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜਿਆ, ਨਹੀਂ ਤਾਂ ਲੋਕ ਮਹੀਨਿਆਂ ਤੇ ਸਾਲਾਂ ਬਧੀ

ਅਡੀਆਂ ਰਗੜਦੇ, ਦੁੱਖ ਪਾਂਦੇ ਰਹਿੰਦੇ ਹਨ, ਪਰ ਮੰਗਣ ਤੇ ਭੀ ਮੌਤ ਨਹੀਂ ਮਿਲਦੀ। ਉਪਰਲੇ ਵਖ ਪਰੇਸ਼ਾਨ ਹੁੰਦੇ ਹਨ। ਸਾਡੇ ਪੁੱਤਰ ਦਾ ਜਿੰਨਾਂ ਸਾਥ ਸਾਡੇ ਨਾਲ ਨਿਭਾਣਾ ਲਿਖਿਆ ਸੀ। ਸੋਹਣਾ ਨਿਭਾ ਗਿਆ। ਇਸ ਵਿਚ ਅਫ਼ਸੋਸ ਕਰਨ ਵਾਲੀ ਕੋਈ ਗਲ ਨਹੀਂ"।

ਭਾਈ ਸੁਧ ਸਿੰਘ ਪ੍ਰਧਾਨ ਸਿੰਘ ਦੇ ਜਥੇ ਨੇ ਆਪਣੇ ਸਾਰੀ ਆਯੂ ਵਿਚ ਬਹੁਤ ਸਫ਼ਰ ਕੀਤਾ, ਪਰ ਉਹ ਹਮੇਸ਼ਾਂ ਥਰਡ ਕਲਾਸ (ਉਦੋਂ ਫ਼ਸਟ, ਸੈਕੰਡ, ਇੰਟਰ ਤੇ ਥਰਡ, ਚਾਰ ਕਲਾਸਾਂ ਹੁੰਦੀਆਂ ਸਨ) ਵਿਚ ਹੀ ਸਫ਼ਰ ਕਰਦੇ ਸਨ ਤੇ ਕਹਿੰਦੇ ਸਨ ਅਸੀਂ ਸਾਧਾਰਨ ਮਨੁੱਖ ਹਾਂ। ਵਿਸ਼ੇਸ਼ ਵਿਅਕਤੀ ਨਹੀਂ ਹਾਂ। ਪੈਸੇ ਬਚਾ ਕੇ, ਦਾਨਪੁੰਨ ਅਤੇ ਗਰੀਬਾਂ ਦੀ ਮਦਦ ਕਰਨ ਵਿਚ ਸਫ਼ਲ ਕਰਕੇ ਚਾਹੀਦੇ ਹਨ। ਉਹਨਾਂ ਦੇ ਬਹੁਤ ਸ਼ਰਧਾਲੂ, ਵਖ ਵਖ ਸ਼ਹਿਰਾਂ ਵਿਚ ਰਹਿੰਦੇ, ਉਹਨਾਂ ਨੂੰ ਘਰ ਬੁਲਾ ਕੇ ਉਨ੍ਹਾਂ ਪਾਸੋਂ ਅਖੰਡ ਪਾਠ ਵੀ ਰਖਵਾਂਦੇ ਸਨ। ਜਥੇ ਦੇ ਚਾਰੇ ਸਜਣ, ਭਾਈ ਸਾਹਿਬ ਸਮੇਤ, ਆਪ ਪਾਠੀ ਹੁੰਦੇ ਸਨ। ਪਾਠ ਵੀ ਕਰਦੇ ਸਨ ਤੇ ਸਵੇਰੇ ਸ਼ਾਮ ਕੀਰਤਨ ਵੀ। ਉਸ ਜ਼ਮਾਨੇ ਵਿਚ ਲੋਕ ਪਾਠੀਆਂ ਨੂੰ ਮਾਇਆ ਤੋਂ ਇਲਾਵਾ ਕਪੜੇ ਵੀ ਦੇਂਦੇ ਸਨ, ਜਿੰਨਾਂ ਨੂੰ ਉਹ ਸਫ਼ਰ ਵਿਚ ਇਕ ਬਕਸੇ ਵਿਚ ਰਖ ਲੈਂਦੇ ਸਨ ਅਤੇ ਆਮ ਤੋਰ ਤੇ ਗਰੀਬਾਂ ਵਿਚ ਵੰਡ ਦੇਂਦੇ ਸਨ। ਸਫ਼ਰ ਕਰਦਿਆਂ ਜੇ ਕੋਈ ਸਿਖ ਕੁਲੀ ਨਜ਼ਰ ਆ ਜਾਵੇ, ਤਾਂ ਭਾਈ ਸਾਹਿਬ ਉਨ੍ਹਾਂ ਨੂੰ ਪਾਸ ਬੁਲਾ ਕੇ ਉਸਦਾ ਹਾਲ ਚਾਲ ਪੁਛਦੇ ਸਨ, "ਗੁਰਮੁਖਾ ਤੇਰਾ ਪ੍ਰਵਾਰ ਕਿੰਨਾ ਹੈ? ਬਾਲ ਬੱਚੇ ਕਿਤਨੇ ਹਨ, ਤੈਨੂੰ ਕੁਲੀ ਦਾ ਕੰਮ ਕਿਉਂ ਕਰਨਾ ਪਿਆ ਹੈ, ਆਦਿ ਅਤੇ ਪਾਠ ਕਰਕੇ ਜਥੇ ਨੂੰ ਮਿਲੇ ਸਾਰੇ ਕਪੜੇ ਉਸਦੇ ਹਵਾਲੇ ਕਰ ਦੇਂਦੇ ਸਨ। ਜਦੋਂ ਕੁਲੀ ਨੂੰ ਫ਼ੀ ਫੇਰਾ ਦੋ ਜਾਂ ਚਾਰ ਆਨੇ ਮਿਲਦਾ ਸੀ, ਉਹ ਸਿਖ ਕੁਲੀ ਨੂੰ ਖਾਸ ਕਰਕੇ, ਤੇ ਬੁਢੇ ਕੁਲੀ ਨੂੰ ਆਮ ਕਰਕੇ, ਪੰਜ ਜਾਂ ਦਸ ਰੁਪਏ ਦੇ ਦੇਂਦੇ ਸਨ।

ਸਫ਼ਰ ਵਿਚ ਇਕ ਹੋਰ ਜਾਲੀਦਾਰ ਬਕਸਾ ਨਾਲ ਰਖਦੇ ਸਨ, ਜਿਸ ਦਾ ਨਾਮ ਚਾਹਦਾਨ ਸੀ। ਉਸ ਵਿਚ ਮਿੱਟੀ ਦੇ ਤੇਲ ਵਾਲਾ ਸਟੋਵ ਤੇ ਚਾਹ ਦਾ ਸਾਮਾਨ, ਪਤੀ, ਖੰਡ, ਦੁਧ; ਆਦਿ ਰਖਿਆ ਹੁੰਦਾ ਸੀ। ਜਿਥੇ ਚਾਹ ਪੀਣ ਦੀ ਲੋੜ ਮਹਿਸੂਸ ਹੋਵੇ, ਤਾਂ ਭਾਈ ਠਾਕਰ ਸਿੰਘ ਨੂੰ ਚਾਹ ਬਨਾਣ ਲਈ ਕਹਿੰਦੇ ਸਨ। ਰੇਲਵੇ ਸਟੇਸ਼ਨਾਂ ਤੋਂ ਚਾਹ ਜਾਂ ਖਾਧ ਖੁਰਾਕ ਨਹੀਂ ਸਨ ਲੈਂਦੇ, ਆਪਣਾ ਇੰਤਜ਼ਾਮ ਕਰਕੇ ਟੁਰਦੇ ਸਨ। ਪਾਣੀ ਲਈ ਇਕ ਸਰਬ ਲੋਹ ਦਾ ਵਡਾ ਗੜਵਾ ਨਾਲ ਰਖਦੇ ਸਨ। ਸਫ਼ਰ ਕਰਦਿਆਂ ਐਵੇਂ ਫ਼ਜ਼ੂਲ ਗਲਾਂ ਜਾ ਗਪਾਂ, ਨਾ ਮਾਰਦੇ ਸਨ ਨਾ ਸੁਣਦੇ ਸਨ। ਸਾਰਾ ਜਥਾ ਬਹੁਤ ਸਮਾਂ ਕਿਸੇ ਨਾ ਕਿਸੇ ਬਾਣੀ ਦੇ ਪਾਠ ਕਰਨ ਵਿਚ ਗੁਜ਼ਾਰਦਾ ਸੀ।

ਆਮ ਸਿਖ ਸੰਗਤਾਂ ਤੋਂ ਇਲਾਵਾ ਚੋਣਵੇਂ ਸਿਖ ਸ੍ਰਦਾਰ, ਇਸ ਜਥੇ ਦੀ ਮਹਾਨਤਾ, ਜੀਵਨ ਤੇ ਕਥਨੀ ਕਰਨੀ ਦੇ ਕਦਰਦਾਨ ਸਨ, ਤੇ ਉਹ ਆਪਣੇ ਘਰਾਂ ਦੇ ਸਾਰੇ ਸਮਾਗਮਾਂ ਤੇ ਇਸ ਜਥੇ ਨੂੰ ਹੀ ਬੁਲਾਂਦੇ ਸਨ। ਸਰ ਸੁੰਦਰ ਸਿੰਘ ਮਜੀਠੀਆ ਜੀ ਨੇ, ਆਪਣੇ ਲੜਕੇ ਸ੍ਰਦਾਰ ਸੁਰਜੀਤ ਸਿੰਘ ਮਜੀਠੀਆ ਦੇ ਵਿਆਹ ਤੇ ਇੱਨਾਂ ਨੂੰ ਹੀ ਬਰਾਤ ਨਾਲ ਚਲਣ ਦੀ ਬੇਨਤੀ ਕੀਤੀ। ਬਰਾਤ ਅੰਮ੍ਰਿਤਸਰ ਤੋਂ ਨਾਭੇ ਜਾਣੀ ਸੀ। ਰੇਲ ਦੇ ਚਾਰ ਪੰਜ ਵਿਸ਼ੇਸ਼ ਡਬੇ, ਟਰੇਨ ਨਾਲ ਲਗਵਾਏ ਗਏ ਸਨ। ਹੋਰ ਸਰਦਾਰਾਂ ਤੇ ਰਾਜ ਘਰਾਣਿਆਂ ਦੇ ਬੰਦਿਆਂ ਤੋਂ ਇਲਾਵਾ ਬਰਾਤ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੀ ਸਨ। ਟਰੇਨ ਵਿਚ ਹੀ ਨਿਤਨੇਮ ਦੇ ਪਾਠ ਅਤੇ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਦੇ ਜਥੇ ਦਾ ਕੀਰਤਨ ਹੁੰਦਾ ਜਾਂਦਾ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗਦੀ ਸੀ। ਗਡੀਆਂ ਹੌਲੀ ਚਲਦੀਆਂ ਸਨ, ਸਮਾਂ ਬਹੁਤ ਲਗਦਾ ਸੀ। ਨਾਭੇ ਵਿਚ ਭੀ ਬਰਾਤ ਨੂੰ ਇਕ ਦਿਨ ਤੋਂ ਵਧ ਠਹਿਰਾਇਆ ਗਿਆ ਸੀ। ਭਾਈ ਵੀਰ ਸਿੰਘ ਜੀ ਦੀ ਮੌਜੂਦਗੀ ਕਾਰਨ ਮਾਸ ਸ਼ਰਾਬ ਦੀ ਵਰਤੋਂ ਨਹੀਂ ਹੋਈ ਸੀ। ਪੰਜਾਬ ਵਿਚ ਸ਼ਾਇਦ ਹੀ ਐਸਾ ਕੋਈ ਨਾਮੀ ਸ੍ਰਦਾਰ ਹੋਵੇ, ਜਿਸ ਦੇ ਲੜਕੇ ਜਾਂ ਲੜਕੀ ਦੀ ਸ਼ਾਦੀ, ਦੀ ਰਸਮ ਇਸ ਜਿਥੇ ਪਾਸੋਂ ਨਾ ਪੂਰੀ ਕਰਵਾਈ ਗਈ ਹੋਵੇ। ਪ੍ਰੋਫੈਸਰ ਪੂਰਨ ਸਿੰਘ ਦੀ ਪਤਨੀ ਮਾਇਆ ਦੀ ਜੋ ਪੁਸਤਕ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸੰਪਾਦਤ ਕੀਤੀ ਹੋਈ, ਸਾਹਿਤ ਅਕਾਡਮੀ ਨੇ ਛਾਪੀ ਸੀ, ਉਨ੍ਹਾਂ ਵਿਚ ਮਾਇਆ ਪੂਰਨ ਸਿੰਘ ਨੇ ਲਿਖਿਆਂ ਹੈ ਕਿ ਅਸਾਂ ਆਪਣੀ ਬੇਟੀ ਗਾਰਗੀ ਦੀ ਸ਼ਾਦੀ ਸਮੇਂ, ਭਾਈ ਸੁਧ ਸਿੰਘ ਜੀ ਦੇ ਜਥੇ ਨੂੰ ਸਰਗੋਧਾ ਤੋਂ ਇਕ ਹਫ਼ਤਾ ਪਹਿਲਾਂ ਹੀ ਬੁਲਾ ਲਿਆ ਸੀ, ਜੋ ਰੋਜ਼ ਅਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਭੀ ਕਰਦੇ ਸਨ ਤੇ ਅਨੰਦ ਕਾਰਜ ਭੀ ਉਨ੍ਹਾਂ ਨੇ ਹੀ ਕਰਵਾਇਆ।

ਮੇਰੇ ਪਿਤਾ ਭਾਈ ਪ੍ਰਧਾਨ ਸਿੰਘ ਜੀ ਬੜੇ ਸੁਰੀਲੇ ਤੇ ਰਾਗ ਦੇ ਮਾਹਿਰ ਸਨ। ਉਨ੍ਹਾਂ ਨੂੰ ਪੁਰਾਤਨ ਰੀਤਾਂ, ਜੋ ਗੁਰੂ ਸਾਹਿਬਾਨ ਨੇ ਬਾਣੀ ਰਚਣ ਵੇਲੇ ਆਪ ਬਣਾਈਆਂ ਤੇ ਗਾਈਆਂ ਸਨ, ਅਤੇ ਸਿੱਖ ਅਗੋਂ ਸੀਨਾ ਬਸੀਨਾ ਇਕ ਦੂਜੇ ਨੂੰ ਸਿਖਾਂਦੇ ਚਲੇ ਆਏ, ਬਹੁਤ ਯਾਦ ਸਨ। ਇਹ ਧਾਰਨਾਵਾਂ ਤੇ ਬੰਦਸ਼ਾਂ ਹੁਣ ਅਲੋਪ, ਹੋ ਰਹੀਆਂ ਹਨ। ਅੱਜ ਕਲ੍ਹ ਦੇ ਰਾਗੀ ਇਨ੍ਹਾਂ ਨੂੰ ਸਿਖਣ ਦੀ ਮੇਹਨਤ ਤੇ ਤਪਸਿਆ ਨਹੀਂ ਕਰਦੇ। ਮੇਰੇ ਪਿਤਾ ਭਾਈ ਪ੍ਰਧਾਨ ਸਿੰਘ ਜੀ ਕਹਿੰਦੇ ਸਨ ਕਿ ਗੁਰੂ ਗ੍ਰੰਥ ਵਿਚ ਜੇ ਕਿਸੇ ਸ਼ਬਦ ਦੇ ਉਪਰ ਲਿਖਿਆ ਹੈ "ਸੋਰਠ ਮਹਲਾ ੫" ਤਾਂ ਇਸ ਦਾ ਇਹ ਅਰਥ ਨਹੀਂ ਕਿ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰ ਕੇ ਕਿਹਾ ਕਿ ਇਸ ਨੂੰ ਸੋਰਠ ਵਿਚ ਗਾਉ, ਸਗੋਂ ਉਨ੍ਹਾਂ ਨੇ ਆਪ ਇਸ ਨੂੰ ਸੋਰਠ ਵਿਚ ਗਾਇਆ, ਇਸੇ ਤਰ੍ਹਾਂ ਜਿਸ ਜਿਸ ਗੁਰੂ, ਜਾਂ ਕਿਸੇ ਹੋਰ ਮਹਾਂਪੁਰਸ਼ ਦੀ ਬਾਣੀ ਹੈ ਤੇ ਉਪਰ ਰਾਗ ਦਾ ਨਾਮ

ਲਿਖਿਆ ਹੈ, ਉਸ ਗੁਰੂ ਜਾਂ ਭਗਤ ਨੇ, ਉਸ ਨੂੰ ਆਪ ਉਸ ਰਾਗ ਵਿਚ ਗਾਇਆ। ਕਿਉਂਕਿ ਬਾਣੀ ਰਚਨਹਾਰ, ਆਪ ਇਕ ਮਹਾਨ ਕਵੀ ਤੋਂ ਇਲਾਵਾ ਮਹਾਨ ਸੰਗੀਤਕਾਰ ਵੀ ਸਨ। ਉਨ੍ਹਾ ਦੀ ਬਣਾਈ ਬੰਦਸ਼ ਜਾਂ ਤਰਜ਼ ਨੂੰ, ਉਨ੍ਹਾਂ ਦੇ ਸਿੰਘ, ਯਾਦ ਕਰ ਲੈਂਦੇ ਸਨ ਤੇ ਅਗੋਂ ਇਕ ਦੂਜੇ ਨੂੰ ਸਿਖਾਂਦੇ ਸਨ। ਇਨ੍ਹਾਂ ਤਰਜ਼ਾਂ ਜਾਂ ਬੰਦਸ਼ਾਂ ਨੂੰ ਅਸੀਂ ਪੁਰਾਤਨ ਰੀਤਾਂ ਕਹਿੰਦੇ ਹਾਂ। ਮੇਰੇ ਪਿਤਾ ਜੀ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਾਧਾਰਣ ਪਾਠ ਕਰਦੇ ਰਹਿੰਦੇ ਸਨ ਤੇ ਸਾਲ ਵਿਚ ਕਈ ਪਾਠਾਂ ਦੇ ਭੋਗ ਪਾਂ ਲੈਂਦੇ ਸਨ। ਇਕ ਵਾਰੀ ਮੈਂ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾ ਦੀ ਇਕ ਚਿਟ ਨਿਸ਼ਾਨੀ ਵਜੋਂ ਰਖੀ ਹੋਈ ਵੇਖੀ। ਜਿਸ ਤੇ ਕਿਸੇ ਸੰਤ ਦਾ ਨਾਮ ਲਿਖਿਆ ਹੋਇਆ ਤੇ ਅਗੇ ਲਿਖਿਆ ਸੀ "ਇੰਨਾ ਸੰਤਾਂ ਦੀ ਯਾਦ ਵਿਚ।" ਮੈਂ ਉਨ੍ਹਾਂ ਨੂੰ ਪੁਛਿਆ ਕਿ ਇਹ ਸੰਤ ਕੌਣ ਸੀ, ਜਿਸ ਦੀ ਯਾਦ ਵਿਚ ਤੁਸਾਂ ਪਾਠ ਰਖਿਆ ਹੋਇਆ ਹੈ, ਤਾਂ ਉਹ ਕਹਿਣ ਲਗੇ" ਇਕ ਵਾਰੀ ਅਸੀਂ ਝੰਗ ਕੀਰਤਨ ਕਰਨ ਗਏ। ਇਹ ਸੰਤ ਕੀਰਤਨ ਸੁਣ ਕੇ ਮੈਨੂੰ ਕਹਿਣ ਲਗੇ "ਪ੍ਰਧਾਨ ਸਿੰਘ ਤੇਰੀ ਆਵਜ਼ ਬਹੁਤ ਸੁੰਦਰ ਹੈ, ਰਬ ਨੇ ਤੈਨੂੰ ਬਹੁਤ ਸੁਰੀਲਾ ਗਲਾ ਦਿਤਾ ਹੈ, ਪਰ ਤੂੰ ਕੁਝ ਪੁਰਾਤਨ ਰੀਤਾ ਵੀ ਸਿਖੀਆਂ ਨੇ ਕਿ ਨਹੀ", ਮੈਂ ਉਤਰ ਦਿਤਾ ਕਿ ਥੋੜੀਆਂ ਕੁ ਕਿਸੇ ਸਿਖਾਈਆਂ, ਸਿਖ ਲਈਆਂ, ਪਰ ਬਹੁਤੀਆਂ ਨਹੀ।", ਉਹ ਸੋਚ ਕੇ ਕਹਿਣ ਲਗੇ "ਕੋਹਾਟ ਵਿਚ ਇਕ ਗੁਣੀ ਆਦਮੀ ਰਹਿੰਦਾ ਹੈ। ਉਸ ਨੂੰ ਬਹੁਤ ਬੰਦਸ਼ਾਂ ਯਾਦ ਹਨ। ਤੂੰ ਉਸ ਪਾਸ ਰਹਿ ਕੇ ਅਠ ਦਸ ਮਹੀਨੇ ਜਾਂ ਇਕ ਸਾਲ ਲਗਾ, ਉਸ ਦੀ ਸੇਵਾ ਕਰ ਤੇ ਸਿਖ, ਮੈਂ ਤੈਨੂੰ ਉਸ ਵਲ ਚਿੱਠੀ ਦੇਨਾਂ ਹਾਂ, ਮੇਰਾ ਸ਼ਰਧਾਲੂ ਹੈ। ਮੈਂ ਕਿਹਾ ਜੀ ਕਿ ਪਹਿਲਾਂ ਇਕ ਸਾਲ ਦਾ ਖਰਚ ਪਲੇ ਬੰਨ੍ਹ ਲਵਾਂ, ਤੇ ਫਿਰ ਉਸ ਪਾਸ ਜਾਵਾਂਗਾ।" ਉਸ ਸੰਤ ਨੇ ਆਪਣਾ ਝਗਾ ਚੁਕ ਕੇ ਆਪਣੇ ਲੱਕ ਨਾਲ ਬੰਨ੍ਹੀ ਹੋਈ ਕਪੜੇ ਦੀ ਵਾਸਣੀ ਖੋਲ੍ਹੀ (ਕਪੜੇ ਦੀ ਨਾਲੀਦਰ, ਕਛੇ ਪਜਾਮੇ ਦੇ ਨੇਫੇ ਵਰਗੀ ਬਣੀ ਹੋਈ ਥੈਲੀ ਨੂੰ ਵਾਸਣੀ ਕਹਿੰਦੇ ਸਨ, ਜਿਸ ਵਿਚ ਨਕਦ ਰੁਪਏ ਪਾਕੇ ਪ੍ਰੋਤੇ ਜਾਂਦੇ ਸਨ ਤੇ ਲੋਕ ਚੋਰੀ ਚਕਾਰੀ ਦੇ ਡਰ ਤੋਂ ਸਫ਼ਰ ਵਿਚ ਲੱਕ ਨਾਲ ਬੰਨ੍ਹ ਲੈਂਦੇ ਸਨ) ਉਸ ਵਿਚੋਂ ਚਾਂਦੀ ਦੇ ਦੋ ਸੌ ਰੁਪਏ ਨਕਲੇ, ਜੋ ਸੰਤ ਜੀ ਨੇ ਮੇਰੇ ਹਵਾਲੇ ਕਰ ਕੇ ਕਿਹਾ, "ਪ੍ਰਧਾਨ ਸਿੰਘ ਐਹ ਰੁਪਏ ਲੈ ਜਾ ਤੇ ਕੋਹਾਟਾ ਚਲਾ ਜਾ, ਉਸ ਗੁਣਵਾਨ ਦੇ ਡੇਰੇ ਤੇ ਜਾ ਟਿਕ, ਉਸਦੀ ਸੇਵਾ ਕਰ ਤੇ ਗੁਣ ਪ੍ਰਾਪਤ ਕਰ।" ( ਅਜ ਤੋਂ 80-90 ਸਾਲ ਪਹਿਲਾਂ ਇਸ ਦੇ ਸੌ ਰੁਪਏ ਦਾ ਕਿਤਨਾ ਮਹੱਤਵ ਹੋਵੇਗਾ, ਇਸ ਦਾ ਅੰਦਾਜਾ ਤੁਸ਼ੀਂ ਲਗਾ ਸਕਦੇ ਹੋ) "ਸੋ ਮੈਂ ਇਸੇ ਤਰ੍ਹਾਂ ਕੀਤਾ ਤੇ ਇਕ ਸਾਲ ਕੋਹਾਟ ਰਹਿ ਕੇ ਵਡੀ ਗਿਣਤੀ ਵਿਚ ਪੁਰਤਾਨ ਰੀਤਾਂ ਸਿਖ ਕੇ ਵਾਪਸ ਸਰਗੋਧੇ ਆਇਆ। ਉਸ ਮਹਾਂਪੁਰਸ਼ ਸੰਤ ਦਾ ਮੈਂ ਹਮੇਸ਼ਾਂ ਰਿਣੀ ਹਾਂ ਤੇ ਹਰ ਸਾਲ ਗੁਰੂ ਗ੍ਰੰਥ ਸਾਹਿਬ ਦਾ ਇਕ ਸਾਧਾਰਣ ਪਾਠ ਉਨ੍ਹਾਂ ਦੀ ਯਾਦ ਵਿਚ ਕਰਦਾ ਹਾਂ।"

ਮੇਰੇ ਪਿਤਾ ਜੀ ਕਹਿੰਦੇ ਸਨ, ਕਿ "ਜਿਥੇ ਪੁਰਾਤਨ ਰਾਗੀ, ਗੁਰੂ ਸਾਹਿਬਾਨ ਦੀਆਂ ਬਣਾਈਆਂ ਹੋਈਆਂ ਇਨ੍ਹਾਂ ਰੀਤਾਂ, ਤਰਜ਼ਾਂ ਤੇ ਬੰਦਸ਼ਾ ਨੂੰ ਸਿਖਦੇ ਤੇ ਸੁਣਾਂਦੇ ਸਨ, ਉਥੇ ਪੁਰਾਤਨ ਸਿਖ ਵੀ ਰਾਗਾਂ ਦੀ ਸਮਝ ਰਖਦੇ ਸਨ ਤੇ ਸੁਣ ਕੇ ਪ੍ਰਸੰਨ ਹੁੰਦੇ ਸਨ। ਪਰ ਅੱਜ ਕਲ੍ਹ ਜਿਹੋ ਜਿਹੇ ਸ਼ਾਸਤ੍ਰੀ ਰਾਗਾਂ ਤੋਂ ਕੋਰੇ ਰਾਗੀ ਹਨ, ਉਹੋਂ ਜਿਹੇ ਕੋਰੇ ਹੀ ਸ੍ਰੋਤਾ ਹਨ, ਉਨ੍ਹਾਂ ਨੇ ਮੈਨੂੰ ਇਕ ਦਿਲਸਪ ਘਟਨਾ ਇਉਂ ਸੁਣਾਈ "ਕਿ ਅਸੀਂ ਰਗਮੀਆ ਵਿਚ ਅਕਸਰ ਸ਼ਿਮਲੇ ਜਾਂਦੇ ਸਾਂ। ਵਡੇ ਵਡੇ ਸਰਦਾਰਾਂ ਨੇ ਉਥੇ ਕੋਠੀਆਂ ਬਣਾਈਆਂ ਹੋਈਆਂ ਸਨ ਤੇ ਸਾਨੂੰ ਗਰਮੀਆਂ ਦਾ ਇਕ ਮਹੀਨਾ ਕੀਰਤਨ ਸੁਣਾਣ ਲਈ ਬੁਲਾ ਲੈਂਦੇ ਸਨ। ਪਹਿਲੇਂ ਅਸੀਂ ਸਰ ਸੁੰਦਰ ਸਿੰਘ ਮਜੀਠੀਆ ਪਾਸ ਹੀ ਠਹਿਰਦੇ ਸਾਂ, ਮਗਰੋਂ ਉਬਰਾਏ ਹੋਟਲ ਬਣ ਜਾਣ ਤੇ, ਸ੍ਰ. ਮੋਹਨ ਸਿੰਘ ਉਬਰਾਏ ਦੀ ਸੁਪਤਨੀ ਬੀਬੀ ਈਸ਼ਰਾਂ ਦੇ ਕਹੇ ਤੇ ਹੋਟਲ ਵਿਚ ਟਿਕਦੇ ਸਾਂ। ਸਵੇਰੇ ਅੰਮ੍ਰਿਤ ਵੇਲੇ ਕੀਰਤਨ ਕਰਦੇ ਸਾਂ। ਸਾਰੇ ਸ੍ਰਦਾਰ ਪ੍ਰਵਾਰਾਂ ਸਮੇਤ ਆਂਦੇ ਸਨ। ਮਧਮ ਰੌਸ਼ਨੀ ਵਿਚ ਅੰਮ੍ਰਿਤ ਵੇਲੇ ਦਾ ਪ੍ਰਭਾਵ ਹੋਰ ਵੀ ਵਧ ਜਾਂਦਾ ਸੀ। ਉਨ੍ਹਾਂ ਸਰਦਾਰਾਂ ਵਿਚ ਭਾਈ ਅਰਦਮਨ ਸਿੰਘ ਬਾਗੜੀਆ ਭੀ ਰੋਜ਼ ਆਂਦੇ ਸਨ। ਉਨ੍ਹਾਂ ਮੈਨੂੰ ਕਿਹਾ ਕਿ ਮੈਂ ਇਕ ਪੁਰਾਣੀ ਰੀਤ ਰੋਜ਼ ਸੁਣਾਇਆ ਕਰਾਂ। ਉਸ ਵੇਲੇ ਸਿਆਣੇ ਕੀਰਤਨ ਕਰਨ ਵਾਲੇ ਪਹਿਲਾਂ ਸਾਜ਼ਾਂ ਤੇ ਧੁੰਨ ਵਜਾਂਦੇ ਸਨ, ਜਿਸ ਨੂੰ 'ਸ਼ਾਨ' ਕਿਹਾ ਜਾਂਦਾ ਸੀ, ਫਿਰ ਮੰਗਲਾਚਰਣ ਕਰਦੇ ਸਨ, ਫਿਰ ਜਿਸ ਰਾਗ ਦਾ ਸ਼ਬਦ ਪੜ੍ਹਨ ਹੋਵੇ ਉਸ ਦਾ ਅਲਾਪ ਕਰਦੇ ਸਨ ਤੇ ਫਿਰ ਕਲਾਸੀਕਲ ਢੰਗ ਨਾਲ ਉਸ ਰਾਗ ਦਾ ਸ਼ਬਦ ਗਾਇਨ ਕਰਦੇ ਸਨ। ਇਸ ਪਿਛੋਂ ਉਹ ਸਾਦੀਆਂ ਤਰਜ਼ਾਂ ਦੇ ਸ਼ਬਦ ਗਾਂਦੇ ਸਨ। ਭਾਈ ਅਰਦਮਨ ਸਿੰਘ ਜੀ ਰੋਜ਼ ਦਸ ਰੁਪਏ ਦਾ ਨੋਟ ਕਢ ਕੇ ਮੇਰੇ ਵਾਜੇ ਤੇ ਰਖਦਿਆਂ ਬੋਲੇ-"ਭਾਈ ਪ੍ਰਧਾਨ ਸਿੰਘ ਤੂੰ ਅਜ ਪਿਛਲੇ ਚਾਰ ਦਿਨਾਂ ਦੀ ਕਸਰ ਪੂਰੀ ਕਰ ਦਿਤੀ ਹੈ।" ਇਹ ਗਲ ਦਸ ਕੇ ਮੇਰੇ ਪਿਤਾ ਜੀ ਕਹਿੰਦੇ ਸਨ। ਕਿ ਇਹ ਗਲ ਦਸਣ ਤੋਂ ਮੇਰਾ ਭਾਵ ਪੈਸੇ ਜਾਂ ਸ਼ਬਦ ਭੇਟ ਤੋਂ ਨਹੀਂ, ਕੇਵਲ ਇਹ ਦਸਣਾ ਹੈ ਕਿ ਪੁਰਾਣੇ ਰਾਗੀ ਕਿਤਨੇ ਗੁਣੀ ਤੇ ਸ੍ਰੋਤੇ ਕਿਤਨੇ ਸਮਝਦਾਰ ਤੇ ਕਦਰਦਾਨ ਹੁੰਦੇ ਸਨ।"

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਨੂੰ ਇਕ ਵਾਰੀ ਇਹ ਵਿਚਾਰ ਆਇਆ ਕਿ ਇਹ ਪੁਰਾਣੀਆਂ ਬੰਦਸ਼ਾਂ ਕੇਵਲ ਤਿੰਨ ਚਾਰ ਪੁਰਾਣੇ ਰਾਗੀਆਂ ਪਾਸ ਹੀ ਹਨ, ਇਨ੍ਹਾਂ ਮਗਰੋਂ ਨਹੀਂ ਲਭਣੀਆਂ, ਰੀਕਾਰਡ ਕਰਕੇ ਰਖ ਲੈਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ ਵਲੋਂ ਪ੍ਰੋ. ਤਾਰਨ ਸਿੰਘ ਰੀਕਾਰਡਿੰਗ ਕਰਨ ਲਈ ਸਾਜ਼ ਸਾਮਾਨ ਲੈ ਕੇ ਸਾਡੇ ਘਰ ਦਿੱਲੀ ਆਏ ਤੇ ਮੇਰੇ ਪਿਤਾ ਜੀ ਪਾਸੋਂ ਇਕ ਘੰਟੇ ਦੀਆਂ ਬੰਦਸ਼ਾਂ ਰੀਕਾਰਡ ਕੀਤੀਆਂ, ਬ੍ਰਿਧ ਹੋਣ ਕਾਰਨ ਪਿਤਾ ਜੀ

ਇਸ ਤੋਂ ਵਧ ਨਹੀਂ ਗਾਣਾ ਚਾਹੁੰਦੇ ਸਨ। ਕੁਝ ਹਫ਼ਤਿਆਂ ਪਿਛੋਂ ਪ੍ਰੋ. ਤਾਰਨ ਸਿੰਘ ਫਿਰ ਸਾਡੇ ਘਰ ਆਏ ਤੇ ਇਕ ਘੰਟੇ ਦੀਆਂ ਰੀਤਾਂ ਹੋਰ ਰੀਕਾਰਡ ਕੀਤੀਆਂ ਅਤੇ ਯੂਨੀਵਰਸਿਟੀ ਵਲੋਂ ਮਾਇਆ ਵੀ ਭੇਟ ਕੀਤੀ।

ਮੇਰੇ ਪਿਤਾ ਜੀ ਦੇ ਚੜ੍ਹਾਈ ਕਰ ਜਾਣ ਪਿਛੋਂ, ਮੈਂ ਉਹਨਾਂ ਦੀ ਆਵਾਜ਼, ਜਿਥੋਂ ਵੀ ਲਭੇ, ਇੱਕਠੀ ਕਰਨੀ ਚਾਹੁੰਦਾ ਸਾਂ। ਮੈ ਪਟਿਆਲੇ ਯੂਨੀਵਰਸਿਟੀ ਵਿਚ ਭੀ ਗਿਆ। ਤਾਂ ਪਤਾ ਲਗਾ, ਕਿ ਉਹ ਟੇਪ ਖ਼ਰਾਬ ਹੋ ਚੁੱਕੇ ਹਨ। ਇਨ੍ਹਾਂ ਨੂੰ ਸਾਂਭਣ ਲਈ ਏਅਰ ਕੰਡੀਸ਼ਨ ਵਾਲੇ ਕਮਰੇ ਦੀ ਲੋੜ ਹੁੰਦੀ ਹੈ। ਸਖ਼ਤ ਗਰਮੀ ਵਿਚ ਟੇਪ ਪੰਘਰ ਕੇ ਚਪਕ ਜਾਂਦੇ ਹਨ ਤੇ ਅਜਿਹਾ ਹੀ ਹੋਇਆ। ਯੂਨੀਵਰਸਿਟੀ ਨੇ ਉਹਨਾਂ ਨੂੰ ਸਾਂਭਣ ਵਲ ਲੋੜੀਂਦੀ ਤਵੱਜੋਂ ਨਹੀਂ ਸੀ ਦਿਤੀ, ਜਾਂ ਉਹਨਾਂ ਨੂੰ ਤਕਨੀਕੀ ਜਾਣਕਾਰੀ ਨਹੀਂ ਸੀ। 1949-50 ਵਿਚ H.M.V ਵਾਲਿਆਂ ਮੇਰੇ ਪਿਤਾ ਜੀ ਤੇ ਮੇਰੀ ਆਵਾਜ਼ ਵਿਚ 'ਆਸਾ ਦੀ ਵਾਰ ਬਾਰਾਂ ਰੀਕਾਰਡਾਂ 24 ਸਾਈਡਾਂ ਵਿਚ ਭਰੀ ਸੀ। ਬੜੀ ਖੋਜ ਤੋਂ ਬਾਦ ਉਹ ਰੀਕਾਰਡ ਮੈਨੂੰ ਐਮ.ਐਸ. ਬਿੰਦਰਾ ਜੋ ਪਿਛੋਂ ਸੁਖੋ, ਪੋਠੋਹਾਰ ਦੇ ਰਹਿਣ ਵਾਲੇ ਹਨ ਤੇ ਉਨ੍ਹਾਂ ਦੇ ਪਿਤਾ ਜੀ ਤੇ ਸਾਰਾ ਪ੍ਰਵਾਰ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦਾ ਸ਼ਰਧਾਲੂ ਸੀ, ਤੇ ਹਰ ਸਮੇਂ ਉਨ੍ਹਾਂ ਨੂੰ ਹੀ ਆਣ ਦੀ ਬੇਨਤੀ ਕਰਦਾ ਸੀ, ਪਾਸੋਂ ਪ੍ਰਾਪਤ ਹੋਏ ਹਨ, ਜੋ ਹੁਣ ਆਡੀਓ ਟੇਪ ਦੀ ਸ਼ਕਲ ਵਿਚ ਪੰਜਾਬ ਸਿੰਧ ਬੈਂਕ ਦੇ ਉਪਰਾਲੇ ਨਾਲ ਸੰਗਤਾਂ ਤਕ ਪ੍ਰਚਾਣ ਦਾ ਯਤਨ ਕੀਤਾ ਗਿਆ ਹੈ (ਬਿੰਦਰਾ ਜੀ ਪਾਸ ਪਿਛਲੇ 60-70 ਸਾਲਾਂ ਦੇ ਪ੍ਰਸਿਧ ਗਾਇਕਾਂ ਦੀਆਂ ਆਵਾਜ਼ਾਂ ਹਨ।)

ਇਕ ਵਾਰੀ ਮੈਂ ਪ੍ਰੋ. ਦਰਸ਼ਨ ਸਿੰਘ ਜੀ ਨੂੰ ਜਦੋਂ ਇਹ ਦਸਿਆ ਕਿ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਕਦੇ ਪੈਸੇ ਚੁਕਾਂਦੇ ਨਹੀਂ ਸਨ ਜੋ ਸਹਿਜ ਸੁਭਾ ਮਿਲੇ, ਪ੍ਰਵਾਨ ਕਰਦੇ ਸਨ, ਤਾ ਪ੍ਰੋ. ਸਾਹਿਬ ਕਹਿਣ ਲਗੇ, "ਰਤਨ ਜੀ, ਤੁਹਾਡੇ ਬਜ਼ੁਰਗਾਂ ਨੇ ਏਨੀ ਘਾਲਣਾ ਘਾਲੀ, ਸਾਡਾ ਸਿਰ ਉਨ੍ਹਾਂ ਅਗੇ ਤੇ ਉਨ੍ਹਾਂ ਦੀ ਯਾਦ ਵਿਚ ਹਮੇਸ਼ਾਂ ਝੁਕਦਾ ਰਹੇਗਾ। ਪਰ ਤੁਸੀਂ ਇਹ ਦਸੋ ਕਿ ਜਦੋਂ ਉਹ ਬ੍ਰਿਧ ਹੋ ਗਏ ਸਨ ਤੇ ਕੀਰਤਨ ਕਰਨਾ ਛਡ ਕੇ ਘਰ ਬੈਠ ਗਏ ਸਨ, ਤਾਂ ਕੀ ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਅਕਾਲੀ ਦਲ, ਸ਼੍ਰੋ. ਗੁ. ਪ੍ਰੰ. ਕਮੇਟੀ ਜਾਂ ਕਿਸੇ ਹੋਰ ਸੰਸਥਾ ਨੇ ਆ ਕੇ ਉਨ੍ਹਾਂ ਦੀ ਸੰਭਾਲ ਕੀਤੀ, ਤੇ ਪੁਛਿਆ ਕਿ ਭਾਈ ਸਾਹਿਬ ਤੁਹਾਡਾ ਗੁਜ਼ਾਰਾ ਕਿਵੇਂ ਚਲ ਰਿਹਾ ਹੈ? ਕੀ ਕਿਸੇ ਸੰਸਥਾ ਨੇ ਉਹਨਾਂ ਦੀ ਕੋਈ ਪੈਨਸ਼ਨ ਲਗਾਈ? ਜੇ ਆਖ਼ਰੀ ਉਮਰ ਵਿਚ ਕਿਸੇ ਸਾਨੂੰ ਪੁਛਣਾ ਨਹੀਂ, ਤਾਂ ਕਿਉਂ ਨਾ ਰਾਗੀ ਉਸ ਵੇਲੇ, ਜਦੋਂ ਚੜ੍ਹਤ ਤੇ ਪੁਛ ਹੈ, ਵਧ ਤੋਂ ਵਧ ਮਾਇਆ ਇਕੱਠੀ ਕਰ ਲੈਣ?" ਇਸ ਦਾ ਉਤਰ ਮੇਰੇ ਪਾਸ ਨਹੀਂ ਸੀ।

ਏਥੇ ਮੈਂ ਇਹ ਵੀ ਦਸ ਦਿਆਂ ਕਿ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦੀ ਬਰਸੀ ਕੀਰਤਨ ਦਰਬਾਰ ਤੇ ਰੂਪ ਵਿਚ ਮਨਾਈ ਜਾਂਦੀ ਹੈ। ਪ੍ਰੋ. ਦਰਸ਼ਨ ਸਿੰਘ ਜੀ ਨੇ ਭੀ ਇਕ ਵਾਰ ਆ ਕੇ ਕੀਰਤਨ ਕੀਤਾ ਤੇ ਮੈਥੋਂ ਕੋਈ ਭੇਟਾ ਨਹੀਂ ਲਈ। ਉਹ ਕਹਿਣ ਲਗੇ ਕਿ "ਮਹਾਨ ਕੀਰਤਨੀਆ ਦੀ ਬਰਸੀ ਹੈ, ਪੈਸੇ ਲੈਂਦੇ ਚੰਗੇ ਨਹੀਂ ਲਗਦੇ।

ਮੈਂ ਭਾਈ ਹਰਬੰਸ ਸਿੰਘ ਜਗਾਧਰੀ ਵਾਲਿਆਂ ਨੂੰ ਜਦੋਂ ਇਹ ਦਸਿਆ ਕਿ ਭਾਈ ਸਾਹਿਬ ਰੋਜ਼ਾਨਾ ਪੂਰੀ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ ਤੇ ਦੋ ਢਾਈ ਘੰਟੇ ਕੀਰਤਨ ਕਰਦੇ ਸਨ, ਕਈ ਵਾਰੀ ਗੁਰਪੁਰਬਾਂ ਵਾਲੇ ਦਿਨ, ਇਕੋ ਸ਼ਹਿਰ ਵਿਚ ਤਿੰਨ ਚਾਰ ਕੀਰਤਨ ਵੀ ਕਰਨੇ ਪੈਂਦੇ ਸਨ ਤੇ ਘੰਟਾ, ਤੇਢ, ਦੋ ਜਾਂ ਇਸ ਤੋਂ ਵਧ ਸਮਾਂ ਭੀ ਕੀਰਤਨ ਕਰਨਾ ਪੈ ਜਾਂਦਾ ਸੀ। ਜਾਣਾ ਆਪਣੀ ਮਰਜ਼ੀ ਸੀ, ਪਰ ਆਣਾ ਸੰਗਤਾ ਦੀ ਮਰਜ਼ੀ ਦਾ ਹੁੰਦਾ ਸੀ। ਇਹ ਸੁਣ ਕੇ ਭਾਈ ਹਰਬੰਸ ਸਿੰਘ ਕਹਿਣ ਲਗੇ ਕਿ "ਤੁਹਾਡੇ ਬਜ਼ੁਰਗਾਂ ਦੀਆਂ ਕੌਣ ਰੀਸਾਂ ਕਰੇ। ਅਸੀਂ ਤਾਂ ਕਿਧਰੇ ਇਕ ਘੰਟੇ ਤੋਂ ਵਧ ਕੀਰਤਨ ਨਹੀਂ ਕਰਦੇ ਅਤੇ ਪੈਸੇ ਵੀ ਟਣਕਾ ਕੇ ਲੈਂਦੇ ਹਾਂ, ਸਾਡੀ ਜਾਨ ਵੀ ਸੌਖੀ ਤੇ ਜਹਾਨ ਵੀ ਸੋਖਾ।"

ਆਖ਼ਰੀ ਉਮਰ ਵਿਚ, ਜੋ ਰਾਗੀ, ਜਾਂ ਕੋਈ ਵਿਅਕਤੀ ਜੋ ਸ਼ਬਦ ਗਾ ਸਕਦਾ ਹੋਵੇ, ਭਾਈ ਸਾਹਿਬ ਨੂੰ ਮਿਲਣ ਆਂਦਾ, ਤਾਂ ਆਪ ਉਸਨੂੰ ਸ਼ਬਦ ਸੁਣ ਕੇ, ਜੇਬ ਵਿਚ ਹੱਥ ਮਾਰਦੇ, ਜਿਨੀ ਮਾਇਆ ਹਥ ਆਂਦੀ, ਦਸ, ਵੀਹ ਪੰਜਾਹ ਰੁਪਏ ਕਢ ਕੇ ਸ਼ਬਦ ਸੁਣਾਨ ਵਾਲੇ ਨੂੰ ਦੇ ਦੇਂਦੇ। ਸ਼ਬਦ ਸੁਣਾਣ ਵਾਲੇ ਨਾਂਹ ਨੁਕਰ ਕਰਦੇ ਰਹਿੰਦੇ, ਕਿ "ਭਾਈ ਸਾਹਿਬ, ਤੁਸੀਂ ਤਾਂ ਮਹਾਨ ਕੀਰਤਨੀਏ ਹੋ। ਸਾਡੇ ਧੰਨ ਭਾਗ ਹਨ ਕਿ ਤੁਸਾਂ ਸਾਨੂੰ ਸ਼ਬਦ ਸੁਣਾਣ ਦਾ ਹੁਕਮ ਕੀਤਾ ਹੈ। ਸਾਨੂੰ ਭੇਟਾ ਦੇ ਕੇ ਸ਼ਰਮਿੰਦਾ ਨਾ ਕਰੋ।" ਭਾਈ ਸਾਹਿਬ, ਤੁਸ਼ੀਂ ਤਾਂ ਮਹਾਨ ਕੀਰਤਨੀਏ ਹੋ। ਸਾਡੇ ਧੰਨ ਭਾਗ ਹਨ ਕਿ ਤੁਸਾਂ ਸਾਨੂੰ ਸ਼ਬਦ ਸੁਣਾਣ ਦਾ ਹੁਕਮ ਕੀਤਾ ਹੈ। ਸਾਨੂੰ ਭੇਟਾ ਦੇ ਕੇ ਸ਼ਰਮਿੰਦਾ ਨਾ ਕਰੋ।" ਤਾਂ ਭਾਈ ਸਾਹਿਬ ਕਹਿੰਦੇ, "ਬੇਟਾ, ਮੈਂ ਭੇਟਾ ਨਹੀਂ ਦੇ ਰਿਹਾ, ਇਹ ਤਾਂ ਕੇਵਲ ਸ਼ਬਦ ਦਾ ਸਤਿਕਾਰ ਹੈ।

ਪੰਥ ਦੇ ਪਰਸਿਧ ਕੀਰਤਨੀਏ, ਸਵੱਰਗਵਾਸੀ ਭਾਈ ਹੀਰਾ ਸਿੰਘ ਜੀ, ਭਾਈ ਸੁਧ ਸਿੰਘ ਜੀ ਨੂੰ ਆਪਣਾ ਭਰਾ ਮੰਨਦੇ ਸਨ ਤੇ ਕਹਿੰਦੇ ਸਨ ਕਿ ਭਾਈ ਸੁਧ ਸਿੰਘ ਸਹੀ ਅਰਥਾਂ ਵਿਚ ਸੰਤ ਹੈ। ਜਦੋਂ ਆਪ ਇਕ ਅਸਾਧ ਰੋਗ ਨਾਲ ਬੀਮਾਰ ਹੋ ਗਏ, ਤੇ ਬਚਣ ਦੀ ਆਸ ਨਾ ਨਹੀ, ਤਾਂ ਉਸ ਵੇਲੇ ਆਪ ਕਸੂਰ ਵਿਚ ਸਿਵਲ ਸਰਜਨ ਡਾਕਟਰ ਹੀਰਾ ਸਿੰਘ ਜੀ ਦੇ ਜ਼ੇਰੇ ਇਲਾਜ ਸਨ। ਭਾਈ ਵੀਰ ਸਿੰਘ ਜੀ ਉਨ੍ਹਾਂ ਨੂੰ ਮਿਲਣ ਗਏ ਤੇ ਉਨ੍ਹਾਂ ਦੀ ਕੋਈ ਇਛਾ ਪੁਛੀ ਤਾਂ ਭਾਈ ਹੀਰਾ ਸਿੰਘ ਜੀ ਕਹਿਣ ਲਗੇ, ਕਿ ਮੇਰੀ ਇਛਾ ਹੈ ਕਿ ਭਾਈ ਸੁਧ ਸਿੰਘ ਜੀ ਹੁਣ ਅੰਤਲੇ ਸੁਆਸ਼ਾ ਤਕ ਮੇਰੇ ਪਾਸ ਰਹਿਣ।

ਭਾਈ ਵੀਰ ਸਿੰਘ ਜੀ ਨੇ, ਭਾਈ ਸੁਧ ਸਿੰਘ ਜੀ ਨੂੰ ਭਾਈ ਹੀਰਾ ਸਿੰਘ ਜੀ ਦੀ ਇਹ ਇਛਾ ਦਸੀ ਤੇ ਆਪਣੇ ਵਲੋਂ ਵੀ ਕਿਹਾ ਕਿ ਭਾਈ ਸੁਧ ਸਿੰਘ ਜੀ ਹੁਣ ਭਾਈ ਹੀਰਾ ਸਿੰਘ ਜੀ ਦੇ ਪਾਸ ਹੀ ਰਹਿਣ। ਸੋ ਇਸੇ ਤਰ੍ਹਾਂ ਹੀ ਹੋਇਆ। ਭਾਈ ਸੁਧ ਸਿੰਘ ਜੀ ਨੇ ਜਥੇ ਦੇ ਪ੍ਰੋਗਰਾਮ ਬੰਦ ਕਰ ਦਿਤੇ ਤੇ ਭਾਈ ਹੀਰਾ ਸਿੰਘ ਜੀ ਪਾਸ ਕਸੂਰ ਚਲੇ ਗਏ। ਉਥੋਂ ਭਾਈ ਹੀਰਾ ਸਿੰਘ ਜੀ ਨੂੰ ਡੇਹਰਾਦੂਨ ਲਿਜਾਇਆ ਗਿਆ। ਭਾਈ ਸੁਧ ਸਿੰਘ ਜੀ, ਉਨ੍ਹਾਂ ਦੀ ਦੇਖਭਾਲ ਤੇ ਸੇਵਾ ਸੰਭਾਲ ਕਰਦੇ, ਅਤੇ ਉਨ੍ਹਾਂ ਪਾਸ ਬੈਠ ਕੇ ਉਨ੍ਹਾਂ ਨੂੰ ਗੁਰਬਾਣੀ ਦਾ ਪਾਠ ਸੁਣਾਂਦੇ ਰਹਿੰਦੇ। ਭਾਈ ਹੀਰਾ ਸਿੰਘ ਜੀ ਦਾ ਸੀਸ ਅੰਤਲੇ ਸਮੇਂ ਭਾਈ ਸੁਧ ਸਿੰਘ ਜੀ ਦੀ ਗੋਦ ਵਿਚ ਹੀ ਸੀ।

ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਦਾ ਜਥਾ, ਆਪਣੀ ਆਮਦਨ ਚੋਂ ਕਈਆਂ ਗਰੀਬਾਂ ਨੂੰ ਸਹਾਇਤਾ ਭੇਜਦਾ, ਕਈ ਗਰੀਬ ਇਸਤ੍ਰੀਆਂ ਤੇ ਬੱਚਿਆ ਦੀ ਮਾਇਕ ਸਾਇਤਾ ਕਰਦਾ। ਖਾਲਸਾ ਯਤੀਮਖਾਨਾ ਅੰਮ੍ਰਿਤਸਰ, ਭਾਈ ਵੀਰ ਸਿੰਘ ਬਿਰਧ ਆਸ਼ਰਮ ਤਰਨ ਤਾਰਨ ਆਦਿ ਕਈ ਸੰਸਥਾਵਾਂ ਨੂੰ ਦਸਵੰਧ ਭੇਜਦਾ। 'ਖਾਲਸਾ ਸਮਾਚਾਰ' ਭਾਈ ਵੀਰ ਸਿੰਘ ਜੀ ਦੀ ਚਲਾਈ ਅਖ਼ਬਾਰ ਦੇ ਚੰਦੇ ਆਪਣੇ ਪਾਸੋਂ ਦੇ ਕੇ ਕਈ ਸੰਸਥਾਵਾਂ ਤੇ ਲੋੜਵੰਦ ਵਿਅਕਤੀਆਂ ਲਈ ਅਖਬਾਰ ਜਾਰੀ ਕਰਵਾਂਦਾ।

ਭਾਈ ਸੁਧ ਸਿੰਘ ਜੀ ਨੇ ਨਿਜੀ ਤੌਰ ਤੇ ਭਾਈ ਵੀਰ ਸਿੰਘ ਸਾਹਿਤ ਸਦਨ ਲਈ ਗਿਆਰਾਂ ਹਜ਼ਾਰ ਰੁਪਏ ਭੇਟ ਕੀਤੇ। 1966 ਵਿਚ, ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਪੰਜਾਬ ਸਰਕਾਰ ਨੇ ਇਸ ਜਥੇ ਨੂੰ ਭਾਈ ਮਰਦਾਨਾ ਐਵਾਰਡ ਨਾਲ ਸਨਮਾਨਤ ਕੀਤਾ।

ਉਨ੍ਹਾਂ ਸਾਦਾ ਜੀਵਨ ਜੀਵਿਆ ਜੀਵਿਆ, ਨਾਮ ਜਪਿਆ ਤੇ ਜਪਾਇਆ ਅਤੇ ਵੰਡ ਛਕਿਆ। ਵਾਹਿਗੁਰੂ ਪੰਥ ਵਿਚ ਅਜਿਹੇ ਕੀਰਤਨੀਏ ਹੋਰ ਪੈਦਾ ਕਰੇ। ਭਾਈ ਸਾਹਿਬ ਦੇ ਜੀਵਨ ਉਤੇ ਗੁਰਬਾਣੀ ਵਿਚ ਦਿਤੀ ਕੀਰਤਨੀਏ ਦੀ ਇਹ ਪ੍ਰੀਭਾਸ਼ਾ ਠੀਕ ਪੂਰੀ ਢੁਕਦੀ ਹੈ:

ਭਲੋ ਭਲੋ ਰੇ ਕੀਰਤਨੀਆ।
ਰਾਮ ਰਮਾ ਰਾਮਾ ਗੁਨ ਗਾਓ।
ਛੋਡ ਮਾਇਆ ਕੇ ਧੰਧ ਸੁਆਓ।
......................
ਜੇ ਕੋ ਅਪਨੇ ਠਾਕੁਰ ਭਾਵੈ।
ਕੋਟਿ ਮਧਿ ਇਹ ਕੀਰਤਨ ਗਾਵੈ।

***(ਪੁਸਤਕ-ਨੇੜਿਓਂ ਤੱਕੀਆਂ ਚਾਨਣ ਰਿਸ਼ਮਾਂ –
ਲੇਖਕ ਹਰਭਜਨ ਸਿੰਘ ਰਤਨ – ਵਿੱਚੋਂ ਧੰਨਵਾਦ ਸਹਿਤ)***

---

# 'ਰਾਗ ਨਿਰਣਾਇਕ ਕਮੇਟੀ' ਜਵੱਦੀ ਟਕਸਾਲ ਦੀ ਵਿਲੱਖਣ ਦੇਣ

## ਗੁਰਨਾਮ ਸਿੰਘ (ਡਾ.)

ਗੁਰਮਤਿ ਸੰਗੀਤ ਦੇ ਸਰਬਪੱਖੀ ਪਰਚਾਰ ਲਈ ਸਥਾਪਤ ਜਵੱਦੀ ਟਕਸਾਲ ਵਲੋਂ 'ਰਾਗ ਨਿਰਣਾਇਕ ਕਮੇਟੀ' ਦੀ ਸਥਾਪਨਾ ਇਕ ਇਤਿਹਾਸਕ ਪ੍ਰਾਪਤੀ ਹੈ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੇ ਆਰੰਭ ਸਮੇਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਦੀ ਪਰਮਾਣਿਕਤਾ ਦੀ ਗੱਲ ਚਲੀ ਤਾਂ ਵਿਦਵਾਨ ਕੀਰਤਨੀਆਂ ਤੇ ਸ਼ਬਦ ਕੀਰਤਨ ਦੇ ਗਿਆਤਾ ਸੰਗੀਤਕਾਰਾਂ ਨਾਲ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੰਤ ਫੈਸਲਾ ਹੋਇਆ ਕਿਉਂ ਨਾ ਰਾਗ ਸਰੂਪਾਂ ਦੇ ਨਿਰਣੇ ਲਈ ਇਕ ਕਮੇਟੀ ਗਠਿਤ ਕੀਤੀ ਜਾਵੇ। ਇਸ ਕਮੇਟੀ ਦੇ ਮੁਖੀ ਸਵਰਗੀ ਪੰਡਤ ਦਲੀਪ ਚੰਦਰ ਵੇਦੀ ਅਤੇ ਮੁਖ ਸਲਾਹਾਕਾਰ ਪ੍ਰਿੰ. ਰਜਿੰਦਰ ਸਿੰਘ ਲਖਨਊ ਨੂੰ ਥਾਪਿਆ ਗਿਆ ਜੋ ਭਾਰਤੀ ਸ਼ਾਸਤਰੀ ਸੰਗੀਤ ਦੀ ਰਾਗ ਪੱਧਤੀ ਅਤੇ

ਗੁਰੂ ਘਰ ਦੀ ਰਾਗ ਪੱਧਤੀ ਦੇ ਗਿਆਤਾ ਸਨ ਅਤੇ ਰਾਗਾਂ ਨੂੰ ਸੰਗੀਤ ਸ਼ਾਸਤਰ ਤੇ ਗੁਰਮਤਿ ਅਨੁਸਾਰ ਨਿਰਖਣ ਪਰਖਣ ਦੀ ਸਮਰੱਥਾ ਰਖਦੇ ਸਨ। ਇਸ ਲੜੀ ਵਿਚ ਗੁਰੂ ਘਰ ਦੇ ਉਨ੍ਹਾਂ ਵੱਖ ਟਕਸਾਲਾਂ ਤੇ ਘਰਾਣਿਆਂ ਨਾਲ ਸਬੰਧਿਤ ਪ੍ਰਮੁੱਖ ਕੀਰਤਨੀਆਂ ਨੂੰ ਵੀ ਜੋੜਿਆ ਗਿਆ ਜਿਨ੍ਹਾਂ ਕੋਲੋਂ ਰਾਗਾਂ ਸਬੰਧੀ ਜਾਣਕਾਰੀ ਮਿਲਣ ਦੀ ਆਸ ਸੀ। ਦਿਆਲ ਹਿਰਦੇ ਦੇ ਸੁਆਮੀ ਬਾਬਾ ਸੁੱਚਾ ਸਿੰਘ ਨੇ ਰਾਗ ਨਿਰਣਾਇਕ ਕਮੇਟੀ ਵਿਚ ਭਾਈ ਪ੍ਰਿਥੀਪਾਲ ਸਿੰਘ ਕੰਗ, ਇੰਦੌਰ; ਭਾਈ ਬਲਬੀਰ ਸਿੰਘ, ਅੰਮ੍ਰਿਤਸਰ; ਪ੍ਰੋ. ਕਰਤਾਰ ਸਿੰਘ, ਲੁਧਿਆਣਾ; ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਪਟਿਆਲਾ; ਡਾ. ਅਜੀਤ ਸਿੰਘ ਪੈਂਟਲ, ਦਿੱਲੀ; ਪ੍ਰਿੰ. ਬਲਦੇਵ ਸਿੰਘ, ਦਿੱਲੀ; ਸ. ਸੁਰਿੰਦਰ ਸਿੰਘ; ਭਾਈ ਤੇਜਪਾਲ ਸਿੰਘ, ਦਿੱਲੀ; ਭਾਈ ਪਰਮਜੋਤ ਸਿੰਘ, ਮੁਲਾਂਪੁਰ; ਪ੍ਰੋ. ਚਰਨਜੀਤ ਸਿੰਘ, ਲੁਧਿਆਣਾ; ਪ੍ਰਿੰ. ਚੰਨਣ ਸਿੰਘ ਮਜਬੂਰ; ਪ੍ਰੋ. ਜਸਵੰਤ ਸਿੰਘ ਭੰਵਰਾ; ਭਾਈ ਚਰਨ ਸਿੰਘ ਮੋਦੀ, ਦਿੱਲੀ ਅਤੇ ਡਾ. ਗੁਰਨਾਮ ਸਿੰਘ (ਇਨ੍ਹਾਂ ਸਤਰਾਂ ਦੇ ਲੇਖਕ) ਨੂੰ ਸ਼ਾਮਲ ਕੀਤਾ।

ਰਾਗ ਨਿਰਣਾਇਕ ਕਮੇਟੀ ਦੇ ਪ੍ਰਮੁੱਖ ਮੈਂਬਰਾਂ ਦੀ ਰਾਇ ਅਨੁਸਾਰ ਪ੍ਰਚਲਿਤ ਰਾਗਾਂ ਨੂੰ ਸਰਬ ਸੰਮਤੀ ਨਾਲ ਪੂਰਨ ਸਵੀਕ੍ਰਿਤੀ ਦਿਤੀ ਗਈ। ਅਪ੍ਰਚਲਿਤ ਰਾਗਾਂ ਲਈ ਸੰਤ ਬਾਬਾ ਸੁੱਚਾ ਸਿੰਘ ਨਾਲ ਰਾਗ ਨਿਰਣਾਇਕ ਕਮੇਟੀ ਨੇ ਰਾਗ ਸਰੂਪ ਨਿਰਧਾਰਤ ਕਰਨ ਲਈ ਗੁਰਮਤਿ ਸਰੋਤਾਂ ਨੂੰ ਪਹਿਲ ਦਿਤੀ ਜਿਨ੍ਹਾਂ ਵਿਚ ਕੀਰਤਨੀਆਂ ਦੁਆਰਾ ਸਮੇਂ-ਸਮੇਂ ਸੁਣਾਈਆਂ ਗਈਆਂ ਟਕਸਾਲੀ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਤੋਂ ਪੰਡਤ ਤਾਰਾ ਸਿੰਘ ਨਰੋਤਮ ਦੇ ਗੁਰ ਗਿਰਾਰਥ ਕੋਸ਼, ਮਹੰਤ ਗੱਜਾ ਸਿੰਘ ਦੁਆਰਾ ਪ੍ਰਦਾਨ ਕੀਖਤੇ ਗਏ ਵੱਖ-ਵੱਖ ਰਾਗ ਸਰੂਪਾਂ ਲਈ ਭਾਈ ਕਾਨ੍ਹ ਸਿੰਘ ਦੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਗਿਆਨ ਸਿੰਘ ਐਬਟਾਬਾਦ ਦੀ ਪੁਸਤਕ 'ਗੁਰਬਾਣੀ ਸੰਗੀਤ', ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਦੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਅਤੇ ਪ੍ਰੋ. ਤਾਰਾ ਸਿੰਘ (ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ), ਡਾ. ਗੁਰਨਾਮ ਸਿੰਘ (ਆਦਿ ਗ੍ਰੰਥ ਰਾਗ ਕੋਸ਼), ਪ੍ਰੋ. ਕਰਤਾਰ ਸਿੰਘ ਦੇ ਸੰਗ੍ਰਹਿ ਚੋਂ ਉਪਲਬੱਧ ਹੋਰ ਪੁਸਤਕਾਂ ਨੂੰ ਆਧਾਰ ਬਣਾਇਆ। ਸਵਰਗੀ ਡਾ. ਅਜੀਤ ਸਿੰਘ ਪੈਂਤਲ; ਸ. ਤੇਜਪਾਲ ਸਿੰਘ; ਸਵਰਗੀ ਭਾਈ ਅਵਤਾਰ ਸਿੰਘ ਆਦਿ ਨੇ ਰਾਗਾਂ ਸਬੰਧੀ ਖੁਲ੍ਹ ਕੇ ਵਿਚਾਰਾਂ ਕੀਤੀਆਂ। ਇਨ੍ਹਾਂ ਰਾਗ ਸਰੂਪਾਂ ਨੂੰ ਨਿੱਜੀ ਰਾਵਾਂ ਤੋਂ ਉਪਰ ਉਠਕੇ ਕਮੇਟੀ ਦੀ ਬਹੁ ਸਹਿਮਤੀ ਨਾਲ ਸਵੀਕਾਰਿਆ ਗਿਆ। ਉਪਰੰਤ 10 ਤੋਂ 13 ਅਕਤੂਬਰ ਤਕ 31 ਰਾਗਾਂ ਨੂੰ ਚਾਰ ਦਿਨ ਵਿੱਚ ਵੱਖ-ਵੱਖ 52 ਕੀਰਤਨੀਆਂ ਤੇ ਸੰਗੀਤਕਾਰਾਂ ਨੇ ਬੜੀ ਸ਼ਰਧਾ ਤੇ ਚਾਅ ਨਾਲ ਗਾਇਆ। ਇਨ੍ਹਾਂ ਕੀਰਤਨੀਆਂ ਵਿਚੋਂ ਭਾਈ ਤੇਜਪਾਲ ਸਿੰਘ - ਸੁਰਿੰਦਰ ਸਿੰਘ 'ਸਿੰਘ ਬੰਧੂ', ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਹਰੀ ਸਿੰਘ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ), ਡਾ. ਜਾਗੀਰ ਸਿੰਘ, ਲੇਖਕ (ਡਾ. ਗੁਰਨਾਮ ਸਿੰਘ), ਪ੍ਰੋ. ਕਰਤਾਰ ਸਿੰਘ, ਭਾਈ ਕੰਵਰਪਾਲ ਸਿੰਘ (ਦੇਹਰਾਦੂਨ), ਪ੍ਰੋ. ਪਰਮਜੋਤ ਸਿੰਘ, ਭਾਈ ਨਿਰੰਜਨ ਸਿੰਘ 'ਜਵੱਦੀ', ਭਾਈ ਇਕਾਬਲ ਸਿੰਘ, ਭਾਈ ਪ੍ਰਿਥੀਪਾਲ ਸਿੰਘ (ਇੰਦੌਰ), ਭਾਈ ਚਰਨਜੀਤ ਸਿੰਘ (ਲੁਧਿਆਣਾ), ਭਾਈ ਚੰਨਣ ਸਿੰਘ ਮਜਬੂਰ, ਭਾਈ ਮੋਹਣਪਾਲ ਸਿੰਘ, ਸੰਤ ਅਨੂਪ ਸਿੰਘ (ਊਨਾ), ਭਾਈ ਚਤਰ ਸਿੰਘ ਸਿੰਧੀ, ਬੀਬੀ ਗੀਤਾ ਕੌਰ ਪੈਂਤਲ, ਭਾਈ ਮਹਿੰਦਰ ਸਿੰਘ ਸਾਗਰ, ਭਾਈ ਹਰਜਿੰਦਰ ਸਿੰਘ (ਸ੍ਰੀਨਗਰ ਵਾਲੇ) ਆਦਿ ਪ੍ਰਮੁੱਖ ਸਨ। ਉਪਰੰਤ ਇਸ ਰਿਕਾਰਡਿੰਗ ਨੂੰ ਜਵੱਦੀ ਟਕਸਾਲ ਵਲੋਂ 16 ਆਡੀਓ ਕੈਸਟਾਂ ਦੇ ਰੂਪ ਵਿਚ ਸੰਗਤਾਂ ਨੂੰ ਭੇਟ ਕੀਤਾ ਗਿਆ। ਇਨ੍ਹਾਂ ਸਾਰੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਤੇ ਬੀਬੀ ਜਸਬੀਰ ਕੌਰ ਖਾਲਸਾ ਦੇ ਉਦਮ ਨਾਲ 'ਗੁਰ ਨਾਨਕ ਸੰਗੀਤ ਪੱਧਤੀ ਗ੍ਰੰਥ' ਦੇ ਰੂਪ ਵਿਚ ਪ੍ਰਕਾਸ਼ਤ ਵੀ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਕਾਰਾਂ ਦੀ ਭਰਪੂਰ ਖੋਜ ਉਪਰੰਤ ਰਾਗ ਪ੍ਰਕਾਰਾਂ ਦੇ ਰਾਗ ਨਿਰਣੇ ਦਾ ਜਟਿਲ ਕਾਰਜ ਆਰੰਭ ਹੋਇਆ। ਉਪਰੰਤ 1992 ਵਿਚ 75 ਦੇ ਕਰੀਬ ਕੀਰਤਨੀਆਂ ਨੇ ਨਿਰੰਤਰ ਪੰਜ ਦਿਨਾਂ ਵਿਚ ਇਨ੍ਹਾਂ ਰਾਗ ਪ੍ਰਕਾਰਾਂ ਦਾ ਗਾਇਨ ਕੀਤਾ। ਇਨ੍ਹਾਂ ਕੀਰਤੀਆਂ ਵਿਚੋਂ ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਭਾਈ ਬਲਬੀਰ ਸਿੰਘ, ਭਾਈ ਅਮਰੀਕ ਸਿੰਘ ਜ਼ਖਮੀ, ਭਾਈ ਦਿਲਬਾਗ ਸਿੰਘ-ਗੁਲਬਾਗ ਸਿੰਘ, ਡਾ. ਜਾਗੀਰ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਡਾ. ਅਜੀਤ ਸਿੰਘ ਪੈਂਤਲ, ਪ੍ਰਿੰ. ਬਲਦੇਵ ਸਿੰਘ, ਭਾਈ

ਨਿਰਮਲ ਸਿੰਘ ਖਾਲਸਾ, ਬੀਬੀ ਜਸਵਿੰਦਰ ਕੌਰ, ਪ੍ਰੋ. ਹਰਚਰਨ ਸਿੰਘ, ਭਾਈ ਮਹਿੰਦਰ ਸਿੰਘ 'ਠੁਮਰੀ', ਡਾ. ਦਰਸ਼ਨ ਸਿੰਘ ਨਰੂਲਾ ਆਦਿ ਦੇ ਨਾਮ ਪ੍ਰਮੁੱਖ ਹਨ। ਇਸ ਰਿਕਾਰਡਿੰਗ ਨੂੰ ਭਾਈ ਸੋਹਣ ਸਿੰਘ ਤੇ ਪ੍ਰਿੰ. ਸੁਖਵੰਤ ਸਿੰਘ ਨੇ ਰਿਕਾਰਡਿੰਗਜ਼ ਦੇ ਰੂਪ ਵਿਚ ਵੱਖ-ਵੱਖ ਸੀਡੀਜ਼ ਸੰਗਤਾਂ ਨੂੰ ਭੇਟ ਕੀਤੀਆਂ ਹੈ।

ਰਾਗ ਨਿਰਣਾਇਕ ਕਮੇਟੀ ਵਲੋਂ ਸਥਾਪਤ ਸਰੂਪ ਬਹੁ ਸੰਮਤੀ ਪ੍ਰਵਾਣਿਤ ਰਾਗ ਸਰੂਪ ਹਨ ਭਾਵੇਂ ਕਿ ਕਈ ਰਾਗਾਂ ਦੇ ਸਰੂਪਾਂ ਬਾਰੇ ਲੇਖਕ ਸਮੇਤ ਹੋਰ ਵਿਦਵਾਨਾਂ ਤੇ ਕੀਰਤਨੀਆਂ ਦੀ ਨਿੱਜੀ ਰਾਇ ਵੀ ਹੋ ਸਕਦੀ ਹੈ। ਰਾਗ ਨਿਰੀਖਣ ਤੇ ਵਿਸ਼ਲੇਸ਼ਣ ਦੇ ਪੈਂਡਿਆਂ ਉਤੇ ਲੇਖਕ (ਡਾ. ਗੁਰਨਾਮ ਸਿੰਘ) ਸਮੇਤ ਪ੍ਰੋ. ਕਰਤਾਰ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਆਦਿ ਨੇ ਕਈ ਪੁਸਤਕ ਗ੍ਰੰਥਾਂ ਦੀ ਭਾਲ ਕੀਤੀ। ਮਕਸਦ ਇਹੋ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਸਰੂਪਾਂ ਨੂੰ ਸਮੁੱਚੇ ਵਿਸ਼ਵ ਦੇ ਸਨਮੁਖ ਸਥਾਪਤ ਤੇ ਉਜਾਗਰ ਕੀਤਾ ਜਾਵੇ। ਇਸ ਕਾਰਜ ਵਿਚ ਉਸਤਾਦ ਜਸਵੰਤ ਸਿੰਘ ਭੰਵਰਾ, ਭਾਈ ਬਲਬੀਰ ਸਿੰਘ, ਪ੍ਰਿੰ. ਚੰਨਣ ਸਿੰਘ ਮਜਬੂਰ, ਭਾਈ ਨਿਰਮਲ ਸਿੰਘ ਖਾਲਸਾ, . ਪ੍ਰੋ. ਪਰਮਜੋਤ ਸਿੰਘ ਅਤੇ ਡਾ. ਜਾਗੀਰ ਸਿੰਘ ਹੋਰਾਂ ਨੇ ਨਿਰੰਤਰ ਵਿਚਾਰ ਚਰਚਾਵਾਂ ਕੀਤੀਆਂ।

ਉਪਰੰਤ ਰਾਗ ਨਿਰਣਾਇਕ ਕਮੇਟੀ ਦੇ ਇਨ੍ਹਾਂ ਰਾਗ ਸਰੂਪਾਂ ਨੂੰ ਜਵੱਦੀ ਟਕਸਾਲ ਵਲੋਂ ਸੰਤ ਬਾਬਾ ਸੁੱਚਾ ਸਿੰਘ ਜੀ ਉਪਰੰਤ ਅਤੇ ਵਰਤਮਾਨ ਸਮੇਂ ਸੰਤ ਬਾਬਾ ਅਮੀਰ ਸਿੰਘ ਦੀ ਅਗਵਾਈ ਵਿਚ ਨਿਰੰਤਰ ਪਰਚਾਰਿਆ ਜਾ ਰਿਹਾ ਹੈ। ਇਨ੍ਹਾਂ ਰਾਗ ਸਰੂਪਾਂ ਆਧਾਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਧਾਰਤ ਗਾਇਨ ਸ਼ੈਲੀਆਂ, ਪੜਤਾਲਾਂ, ਰਾਗਮਾਲਾ ਆਦਿ ਉਤੇ ਦਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਏ ਜਾ ਚੁੱਕੇ ਹਨ ।

1993-94 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਹੁੰਦਿਆਂ ਲੇਖਕ (ਡਾ. ਗੁਰਨਾਮ ਸਿੰਘ) ਵਲੋਂ 'ਰਾਗ ਨਿਰਣਾਇਕ ਕਮੇਟੀ' ਦੇ ਸਰੂਪਾਂ ਨੂੰ ਲਾਗੂ ਕੀਤਾ ਗਿਆ। ਇਸੇ ਤਰ੍ਹਾਂ 1997 ਵਿਚ ਪੰਜਾਬੀ ਯੂਨੀਵਰਸਿਟੀ ਦੇ ਡਿਪਲੋਮਾ ਇਨ ਗੁਰਮਤਿ ਸੰਗੀਤ ਅਤੇ 2004 ਵਿਚ ਐਮ.ਏ. ਗੁਰਮਤਿ ਸੰਗੀਤ, 2007 ਵਿਚ ਬੀ.ਏ. ਆਨਰਜ਼ ਸਕੂਲ ਇਨ ਗੁਰਮਤਿ ਸੰਗੀਤ ਵਿਚ ਇਨ੍ਹਾਂ ਸਰੂਪਾਂ ਨੂੰ ਵਿਸ਼ੇਸ਼ ਮਾਨਤਾ ਦਿਤੀ ਹੈ। ਪ੍ਰੋ. ਕਰਤਾਰ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਅਕੈਡਮੀ ਵੀ ਇਨ੍ਹਾਂ ਰਾਗ ਸਰੂਪਾਂ ਅਨੁਸਾਰ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੀ ਹੈ। ਪ੍ਰੋ. ਕਰਤਾਰ ਸਿੰਘ, ਲੇਖਕ ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ ਆਦਿ ਸਮੇਤ ਗੁਰਮਤਿ ਸੰਗੀਤ ਦੇ ਅਨੇਕ ਸ਼ਬਦ ਕੀਰਤਨ ਰਚਨਾਕਾਰ ਇਨ੍ਹਾਂ ਰਾਗ ਸਰੂਪਾਂ ਅਨੁਸਾਰ ਸ਼ਬਦ ਕੀਰਤਨ ਰਚਨਾਵਾਂ ਦੀ ਰਚਨਾ ਕਰ ਰਹੇ ਹਨ, ਗਾਇਨ ਕਰ ਰਹੇ ਹਨ। ਰਾਗ ਨਿਰਣਾਇਕ ਕਮੇਟੀ ਦੇ 31 ਮੁੱਖ ਰਾਗਾਂ, 31 ਰਾਗ ਪ੍ਰਕਾਰਾਂ ਅਨੁਸਾਰ 1999 ਵਿਚ ਲੇਖਕ ਡਾ. ਗੁਰਨਾਮ ਸਿੰਘ ਵਲੋਂ ਸੰਪੂਰਣ 62 ਰਾਗਾਂ ਦੀ ਰਿਕਾਰਡਿੰਗ ਰਿਲੀਜ਼ ਕੀਤੀ ਗਈ ਜੋ ਸਿੱਖ ਮਿਊਜ਼ੀਕਾਲੋਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ ਵਿਚ ਦਰਜ ਹਨ। ਪ੍ਰੋ. ਸੁਰਿੰਦਰ ਸਿੰਘ ਰਾਜ ਅਕੈਡਮੀ ਵਲੋਂ ਵੀ ਇਨ੍ਹਾਂ ਰਾਗ ਸਰੂਪਾਂ ਦੇ ਪ੍ਰਯੋਗ ਕਰਕੇ ਸੰਪੂਰਣ ਰਾਗਾਂ ਦੀ ਰਿਕਾਰਡਿੰਗ ਭੇਟ ਕੀਤੀ ਜਾ ਚੁੱਕੀ ਹੈ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਵਿਚ ਰਾਗ ਨਿਰਣਾਇਕ ਕਮੇਟੀ ਦਾ ਬੁਨਿਆਦੀ ਮਹੱਤਵ ਰਿਹਾ ਹੈ। ਭਾਰਤੀ ਸੰਗੀਤ ਦੀ ਰਾਗ ਪਰੰਪਰਾ ਨਾਲ ਤੁਲਨਾਤਮਕ ਅਧਿਐਨ ਵਾਸਤੇ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਤ ਰਾਗ ਇਕ ਵੱਡੀ ਰਾਗ ਨਿਧੀ ਹੈ। ਪੰਜਾਬੀ ਵਿਚ ਡਾ. ਮਨਪ੍ਰੀਤ ਸਿੰਘ ਦੁਆਰਾ ਕੀਤੀ ਖੋਜ ਅਨੁਸਾਰ 31 ਮੁੱਖ ਰਾਗ ਤੇ 31 ਰਾਗ ਪ੍ਰਕਾਰਾਂ ਦੇ ਕੁਲ 137 ਸਰੂਪ ਉਪਲਬੱਧ ਹੁੰਦੇ ਹਨ। ਪ੍ਰਸੰਨਤਾ ਦਾ ਵਿਸ਼ਾ ਹੈ ਕਿ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਦੀ ਅਗਵਾਈ ਵਿਚ ਪ੍ਰਿੰ. ਸੁਖਵੰਤ ਸਿੰਘ ਨੇ ਰਾਗ ਨਿਰਣਾਇਕ ਕਮੇਟੀ ਦੀ ਸਮੁੱਚੀ ਖੋਜ ਨੂੰ ਪੁਸਤਕ 'ਰਾਗ ਨਿਰਣੈ' ਦੇ ਰੂਪ ਵਿਚ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਵਾਇਆ ਹੈ। ਉਮੀਦ ਹੈ ਸਮੂਹ ਗੁਰਮਤਿ ਸੰਗੀਤ ਪ੍ਰੇਮੀ, ਵਿਦਵਾਨ ਸੰਗੀਤਕਾਰ ਤੇ ਕੀਰਤਨੀਆਂ ਦੀ ਖੋਜ 'ਤੇ ਅਧਾਰਤ ਇਸ ਸੰਗੀਤ ਸਰਮਾਏ ਨੂੰ ਪਰਚਾਰਨ ਤੇ ਪਰਸਾਰਨ ਵਿਚ ਆਪਣਾ ਯੋਗਦਾਨ ਦਿੰਦੇ ਰਹਿਣਗੇ।

# ਗੁਰਮਤਿ ਸੰਗੀਤ ਵਿੱਚ ਗਾਇਨ ਦਾ ਮਹੱਤਵ: ਬਾਣੀ ਸੰਦਰਭ

*ਸਵਰਲੀਨ ਕੌਰ

ਸੰਗੀਤ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੁਆਰਾ 'ਧੁਰ ਕੀ ਬਾਣੀ' ਦੇ ਪ੍ਰਵਾਹ ਦੇ ਸੰਚਾਰ ਲਈ ਗਇਨ ਵਿਧਾ ਨੂੰ ਪ੍ਰਮੁੱਖ ਮੰਨਿਆ ਹੈ। ਆਪ ਦੁਆਰਾ ਬਾਣੀ ਦੇ ਗਾਇਨ ਹਿਤ ਰਾਗ ਅਤੇ ਗਾਇਨ ਸ਼ੈਲੀ ਦਾ ਸੰਕੇਤ, ਬਾਣੀ ਦੇ ਸਿਰਲੇਖ ਵਿਚ ਦਰਜ ਕਰਦਿਆਂ, ਸੰਗੀਤ ਦੀ ਸੰਚਾਰ ਪਹੁੰਚ ਦੀ ਸ੍ਰੇਸ਼ਟਤਾ ਨੂੰ ਪ੍ਰਵਾਨਿਆਂ ਹੈ। ਬਾਣੀ ਵਿਚ ਥਾਂ ਪੁਰ ਥਾਂ ਗਾਇਨ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। 'ਜਪੁ ਜੀ ਸਾਹਿਬ' ਵਿੱਚ **ਗੁਰੂ ਨਾਨਕ ਦੇਵ ਜੀ** ਅਕਾਲ ਪੁਰਖ ਜੀ ਦੀ ਉਸਤਤਿ ਗਾਇਨ ਕਰਨ ਸਬੰਧੀ ਫੁਰਮਾਉਂਦੇ ਹਨ, ਕਿ ਸਮੁੱਚਾ ਬ੍ਰਹਿਮੰਡ ਪ੍ਰਮਾਤਮਾ ਦੀ ਉਸਤਤਿ ਗਾਇਨ ਕਰ ਰਿਹਾ ਹੈ।

- ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥
  ਗਾਵੈ ਕੋ ਦਾਤਿ ਜਾਣੈ ਨੀਸਾਣੁ॥
  ਗਾਵੈ ਕੋ ਗੁਣ ਵਡਿਆਈਆ ਚਾਰ॥
  ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥
  ਗਾਵੈ ਕੋ ਸਾਜਿ ਕਰੇ ਤਨੁ ਖੇਹ॥
  ਗਾਵੈ ਕੋ ਜੀਅ ਲੈ ਫਿਰਿ ਦੇਹ॥
  ਗਾਵੈ ਕੋ ਜਾਪੈ ਦਿਸੈ ਦੂਰਿ॥
  ਗਾਵੈ ਕੋ ਵੇਖੈ ਹਾਦਰਾ ਹਦੂਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

- ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
  ਨਾਨਕ ਗਾਵੀਐ ਗੁਣੀ ਨਿਧਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨)

- ਗਾਵੀਐ ਸੁਣੀਐ ਮਨਿ ਰਖੀਐ ਭਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨)

- ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁਦੁਆਰੇ॥
  ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿਲਿਖਿ ਧਰਮੁ ਵੀਚਾਰੇ॥
  ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
  ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
  ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
  ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
  ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
  ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
  ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
  ਗਾਵਹਿ ਜੋਧ ਮਹਾਬਲ ਸੂਰਾ ਗਾਵਹਿਕਾਣੀ ਚਾਰੇ॥
  ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥
  ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
  ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬)

- ਖਾਲਕ ਕਉ ਆਦੇਸੁ ਢਾਢੀ ਗਾਵਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੮)

- ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੦)

ਅਕਾਲ ਕੀਰਤੀ ਲਈ ਗਾਇਨ ਦੀ ਉਤਮਤਾ ਨੂੰ ਪ੍ਰਗਟਾਉਂਦੇ ਹੋਏ **ਗੁਰੂ ਰਾਮ ਦਾਸ** ਜੀ ਫੁਰਮਾਨ ਕਰਦੇ ਹਨ:

- ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੩੯)

- ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹੁ ਹਰਿ ਗੁਣ ਛੰਤਾ॥

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੦)

- ਹਰਿ ਜਨੁ ਰਾਮ ਨਾਮ ਗੁਨ ਗਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੯)

- ਸੰਤ ਜਨਾ ਮਿਲਿ ਹਰਿ ਜਸੁ ਗਾਇਓ॥

ਕੋਟਿ ਜਨਮ ਕੇ ਦੂਖ ਗਵਾਇਓ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨੦)

**ਗੁਰੂ ਅਰਜਨ ਦੇਵ ਜੀ** ਗਾਇਨ ਦੇ ਮਹਾਤਮ ਨੂੰ ਦਰਸਾਉਂਦਿਆਂ ਫੁਰਮਾਨ ਕਰਦੇ ਹਨ:

- ਹਰਿ ਦਿਨੁ ਰੈਨਿ ਕੀਰਤਨੁ ਗਾਈਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੨੩)

- ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧੬)

- ਮਨ ਮਹਿ ਸਿੰਚਹੁ ਹਰਿ ਹਰਿ ਨਾਮ॥
  ਅਨਦਿਨੁ ਕੀਰਤਨੁ ਹਰਿ ਗੁਣ ਗਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੦੨)

- ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਣ ਗਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੫)

- ਜੋ ਜਨੁ ਕਰੈ ਕੀਰਤਨੁ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮਕਾਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੬੬)

ਅਕਾਲ ਪੁਰਖ ਜੀ ਦੀ ਉਸਤਤਿ ਲਈ ਗਾਇਨ ਦੀ ਉਪਯੋਗਤਾ ਨੂੰ ਸਾਮੂਰਤ ਕਰਦੇ ਹੋਏ **ਗੁਰੂ ਤੇਗ ਬਹਾਦਰ ਜੀ** ਦਾ ਫੁਰਮਾਨ ਹੈ:

- ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੦)

- ਸਾਧੋ ਗੋਬਿੰਦ ਕੇ ਗੁਨ ਗਾਵਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੯)

ਸਿੱਖੀ ਜੀਵਨ ਦੀਆਂ ਰਹੁ ਰੀਤਾਂ ਵਿੱਚ ਸ਼ਬਦ ਕੀਰਤਨ ਦਾ ਵਿਸ਼ੇਸ਼ ਮਹੱਤਵ ਤੇ ਪ੍ਰਚਲਨ ਹੈ। ਜੀਵਨ ਦੇ ਹਰ ਸੰਸਕਾਰ ਨਾਲ ਸਬੰਧਤ ਕੀਰਤਨ ਚਉਕੀ ਦੀ ਮਰਿਆਦਾ ਸਥਾਪਤ ਹੈ। ਗੁਰਬਾਣੀ ਕੀਰਤਨ ਰਾਹੀਂ ਸਰਬ ਕਲਾ ਸਮਰਥ ਅਕਾਲ ਪੁਰਖ ਦੀ ਵਡਿਆਈ ਦਾ ਗਇਨ ਕੀਤਾ ਜਾਂਦਾ ਹੈ। ਧਨਵਾਦ ਕੀਤਾ ਜਾਂਦਾ ਹੈ ਅਤੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਅਰਦਾਸਾਂ ਕੀਤੀਆਂ ਜਾਦੀਆਂ ਹਨ। ਇਨ੍ਹਾਂ ਕੀਰਤਨ ਪ੍ਰਸਤੁਤੀਆਂ ਦੀ ਵਿਸ਼ੇਸ਼ ਮਰਿਆਦਾ ਹੈ। ਸੰਗੀਤ ਵਿਧਾਨ ਹੈ। ਗੁਰਮਤਿ ਸੰਗੀਤ ਵਿਧਾਨ ਦੀਆਂ ਮੌਲਿਕ ਗਾਇਨ ਸ਼ੈਲੀਆਂ ਹਨ। ਤੰਤੀ ਸਾਜ਼ਾਂ ਦੀ ਇਕ ਵੱਡੀ ਪਰੰਪਰਾ ਹੈ। ਸ਼ਬਦ ਚੌਣ, ਬਾਣੀ ਪ੍ਰਕਰਨ, ਕੀਰਤਨ ਸੰਦਰਭ ਅਤੇ ਸਮੇਂ ਨੂੰ ਧਿਆਨ ਵਿਚ ਰੱਖ ਕੇ ਸ਼ਬਦ ਕੀਰਤਨ ਕੀਤਾ ਜਾਂਦਾ ਹੈ। ਭਾਵੇਂ ਸੰਗੀਤ ਦੇ ਵਿਭਿੰਨ ਤੱਤ ਸ਼ਬਦ ਕੀਰਤਨ ਪ੍ਰਸਤੁਤੀਆਂ ਵਿਚ ਕਾਰਜਸ਼ੀਲ ਰਹਿੰਦੇ ਹਨ, ਪਰ ਗਾਇਨ ਦਾ ਮਹੱਤਵ ਸੱਭ ਤੋਂ ਵੱਧ ਮੰਨਿਆਂ ਗਿਆ ਹੈ।

ਕਿਉਂਜੋ ਬਾਣੀ ਦਾ ਸੰਚਾਰ ਕਰਨ ਹਿਤ ਗਾਇਨ ਦੀ ਜੁਗਤ ਸਰਵੋਤਮ ਹੈ, ਇਸ ਲਈ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਸੰਗੀਤ ਨੂੰ ਹੀ ਆਧਾਰ ਬਣਾਇਆ ਹੈ। ਬਾਣੀ ਦੇ ਗਾਇਨ ਲਈ ਰਾਗ ਨਿਰਧਾਰਤ ਕੀਤੇ ਗਏ ਹਨ, ਤਾਂ ਜੋ ਸ਼ਬਦ ਗਾਇਨ ਲਈ ਇਕ ਸੁਦ੍ਰਿੜ ਵਿਧਾਨ ਦੀ ਸਥਾਪਤੀ ਕੀਤੀ ਜਾ ਸਕੇ। ਇਕ ਮਨ ਇਕ ਚਿਤਿ ਹੋ ਕੇ ਕੀਤਾ ਗਿਆ ਗਾਇਨ ਹੀ ਦਰਗਾਹੇ ਪ੍ਰਵਾਨ ਹੁੰਦਾ ਹੈ।

*ਸੰਗੀਤ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ

---

# Exploring the Tradition:
# Gurmat Sangeet Par Hun Tak Mili Khoj

**A P Singh**
**Gurmat Sangeet Department, University College, Ghanaur**

Amrit Kirtan Trust Chandigarh, with the efforts and dedication of Dr. Jagir Singh Ji, is committed to the preservation and propagation of Gurmat Sangeet tradition, through its print and online publications. It is a humble effort to study and explore the works of our forefathers, for the better understanding. Gurmat Sangeet is a way of Shabad Kirtan recitation in Sikh way of life. It is centuries old music tradition of Punjab, being followed by Ragi and Rababi Kirtankars. It is designed and initiated by Guru Nanak Dev Ji, the founder of Sikhism. All Sikh rituals are linked to a particular Shabad Kirtan Chauki. Bani of Sri Guru Granth Sahib Ji is titled with name of raga, singing / poetic style also. So, Music has great importance in Sikhism. The daily routine of Guru Ghars, worldwide, is concluded with kirtan recitations. The tradition of Gurmat Sangeet is preserved nurtured with the untiring efforts of its torch bearers. The philosophers, scholars, researchers, writers, composers, musicologists, performers contributed the tradition, to transmit it, to generation to generation. Peoples with divine blessings and abilities put forward the broad vision and talent to get the generations involved. The thoughts, works and deeds of such people remain ahead to the contemporaries.

In 40$^{th}$ Vidyak (Educational) Conference, Prof. Satbir Singh presented a resolution in Subject Committee, to add Gurmat Sangeet as an independent subject, like Sikh History being taught, in the syllabus of Punjab University. It was decided in the meeting to collect available publications related to the subject and publish it. Shrimaan Bhai Sahib Doctor Vir Singh Ji and Sri Man Doctor Charan Singh Ji played an important role in collecting, editing and publishing the writings of various scholars, with the help of Chief Khalsa Diwan. It is believed to be the first edited publication, having the works of various scholars of Gurmat Sangeet.

The first edition of ‘Gurmat Sangeet Par Hun Tak Mili Khoj’ was published in 1913 by Wazir Hind Press Amritsar. It has five parts (i) Gurmat Sangeet Nirnaya (ii)

Gurmat Sangeet Ratan Bhandar (iii) Gurmat Sangeet (iv) Gurmat Sangeet Par Sri Man Doctor Charan Singh Ji Di Khoj (v) Mohan Gurmat Sangeet Mala.[1] Keeping in view the importance of this research based publication, the second edition of the book is published as 'Gurmat Sangeet' by Dharam Prachar Committee, Central Khalsa Yateemkhana, Chief Khalsa Diwan, Amritsar in 2008.

The publication is having five parts. **Gurmat Sangeet Par Hun Tak Mili Khoj**, Part I is a joint work of **Sri Man Bhai Sahib Doctor Vir Singh Ji** and **Sri Man Doctor Charan Singh Ji**. It includes the relation of Raga and Bani, Independent identity of Gurmat Sangeet, Discussion about various Rag-mala theories, 31 Ragas used in Sri Guru Granth Sahib Ji, Tips for Kirtankars by Sri Man Bhai Sahib Doctor Vir Singh Ji and a research based article of Sri Man Doctor Charan Singh Ji with the heading 'Rabab'.

**Gurmat Sangeet Par Hun Tak Mili Khoj,** Part II (Ratan Sangit Bhandar) is the work of Rag Master Bhai Prem Singh Ji. The book deals with the relation of swar (music notes) with animals, planets, behavior, community, gods, vehicles, dress, weapons, colors, seasons, Shrutis (micro notes), moorchhana, ascending, Saptak and its relations with Shrutis, Tanas, Asathai, Sakari, Sinchari, Ragini, elaboration of tana, elements of Laya and Tala, description of talas i. e. Yakka, Jhab (Jhap), Sool, Chanchal, Jhoomra, Arha Chartal, Dhamar, Roopak, Tevra, Pashto, Tintal, Pauri, Talwara, Panjabi Thheka, Akva-i, Dadra, Swari 30 beats, Swari 32 beats, Khemta, Kehrva, Phrodast, Brahm Tal, Lakashmi, Rishi, Rudra, Nakta and Khat; Sri Guru Granth Sahib Ji, Sri Harimandar Sahib Ji; description about 31 ragas of Sri Guru Granth Sahib Ji. Within the Shabad Kirtan composition, the Bani of Guru Nanak Dev Ji, Guru Amar Das Ji, Guru Ram Das Ji, Guru Arjan Dev Ji, Guru Teg Bahadar Ji and Bhagat Namdeo, Kabir and Ravidas Ji is used. The efforts of the writers Bhai Prem Singh are admired by in the preface of the book by Giani Gian Singh Moti Bag Patiala, Bhai Thakar Singh Giani Amritsar, Bhai Bishan Singh Giani Moti Bag, Mahant Ram Singh Moti Bag, Bhai Gopal Singh Patiala, Bhai Suba Sari-a Patiala, Khan Sahib Ali Baksh Jarnail Patiala. At the end of this publication a screen shot of harmonium is also given and discussed. **Master Bhai Prem Singh,** writer of this book, was a state poet and Ragi of Patiala state. He considered

[1] Gurmat Sangeet Par Hun Tak Mili Khoj, Chief Khalsa Diwan, Sri Amritsar, December 1958.

himself seventh generation of a family having direct lineage with the Kirtankar, disciples of Guru Arjan Dev Ji.

**Gurmat Sangeet Par Hun Tak Mili Khoj**, Part III (Gurmat Sangeet) is the intellectual work of **Master Sunder Singh**. The work includes description about harmonium playing, music notation, description about 23 ragas i. e. Asa, Bhairau, Asavari, Bhairvi, Bilaval, Sarang, Wad-hans, Pilo, Tilang, Sindhra, Kalian, Kanara, Kamach, Sorath, Malkons, Bihag, Sohani, Kalangara, Mand, Basant, Pahar, Zila, Kausi-a with their time of recital. The talas discussed in this work are Teental, Chartal, Ada Chautal, Dhamar or Chanchal, Aswari 15 beats, Jhap (Thatha), Dadra, Sool-Fakta, Pat, Kawali, Gida. Shruti (micro sur) is called as Sanpat sur.

**Gurmat Sangeet Par Hun Tak Mili Khoj**, Part IV (Gurmat Sangeet Par Sri Man Doctor Charan Singh Ji Di Khoj) is the research of **Sri Man Doctor Charan Singh Ji.** It includes the description about 9 Dhunis scripted in Sri Guru Granth Sahib Ji as headings on the Vars of Majh, Gauri, Asa, Gujri, Wad-hans, Ramkali, Sarang, Malar and Kanhra. The work also discusses about the notes being used for the singing of Dhunis used in Sri Guru Granth Sahib Ji. This book also discusses about 31 ragas and Rag-Mala of Sri Guru Granth Sahib Ji. At the end of the work 'Raho-ey Kai Chhanta Kai Ghar' and Raha-o is discussed by the author.

**Gurmat Sangeet Par Hun Tak Mili Khoj**, Part V (Mohan Gurmat Sangeet Mala) is the work of **Master Mohan Singh Ji Radio Singer** (1-Inder Puri Sign Circle Bombai-22). He discussed notation of music notes; Raga Siri, Gauri, Asa, Dev Gandhar, Sorath, Dhanasri, Todi, Tilang, Suhi, Bilaval, Ramkali, Kedara, Bhairau, Basant, Sarang, Malar, Kalian and Jaijavanti. Master Mohan Singh has also given Raga Vistar of the ragas.

# ਰਾਗ ਬਸੰਤ

## ਪ੍ਰਿੰ: ਦਿਆਲ ਸਿੰਘ

ਵਾਦੀ-ਤਾਰ (ਸਂ) | ਠਾਟ-ਪੂਰਵੀ | ਸਮਾਂ-ਰਾਤ ਚੌਥਾ ਪਹਿਰ (ਬਸੰਤ-ਰੁਤ ਵਿਚ ਹਰ ਸਮੇਂ)
ਸੰਵਾਦੀ-ਪ | ਜਾਤੀ-ਵੱਕ੍-ਸੰਪੂਰਣ | ਵਿਸ਼ੇਸ਼-ਦੋਵੇਂ ਮੱਧਮ ਤੇ ਲਲਿਤ ਅੰਗ

ਆਰੋਹ-ਸ ਗ, ਮਂ ਧੁ ਰੁਂ, ਸਂ।

ਅਵਰੋਹ - ਰੁਂ ਨ ਧੁ, ਪ, ਮਂਗ ਮऽਗ, ਗ ਮਂਧੁ ਗ, ਮਂ ਗ ਰੁ ਸ।

ਪਕੜ - ਮਂ ਧਰੁਂ-ਸਂ, ਰੁਂ ਨ ਧੁ, ਪ - (ਪ) ਮਂਗ ਮऽਂਗ

## ਝਪ ਤਾਲ — ਅਸਥਾਈ

| × | | ੨ | | | ੦ | | ੩ | | |
|---|---|---|---|---|---|---|---|---|---|
| | | | | | ਮ | | | | |
| ਸਂ | ਸਂ | ਨ | ਧੁ | ਪ | ਪ | – | ਮੱਗ | ਮਂ | ਗ |
| ਰਾ | ਜਾ | ਰਾ | ऽ | ਮ | ਮਉ | ऽ | ਲਿਆ | ऽ | ऽ |
| ਧੁ | | | | | | | | | |
| ਮੱ | ਧੁ | ਸਂ | – | ਰੁਂ | ਸਂ | – | ਨ | ਮੱ | ਧੁ |
| ਅ | ऽ | ਨ | ऽ | ਤ | ਭਾ | ऽ | ਇ | ऽ | ऽ |
| ਸ | – | ਮ | – | – | ਮ | – | ਮਂ | ਮ | – |
| ਜਹ | ऽ | ਦੇ | ऽ | ऽ | ਖਉ | ऽ | ਤਹ | ऽ | ऽ |
| ਮ | | ਧੁ | | | | | | | |
| ਗ | – | ਮਂ | – | ਧੁ | ਰੁਂ | – | ਨ | ਮਂ | ਧੁ |
| ਰਹਿ | ऽ | ਆ | ऽ | ਸ | ਮਾ | ऽ | ਇ | ऽ | ऽ |
| ਧੁ | | | | ਅੰਤਰਾ | | | | | |
| ਮਂ | ਧੁ | ਸਂ | – | – | ਸਂ | ਸਂ | ਸਂ | – | – |
| ਮਉ | ऽ | ਲੀ | ऽ | ऽ | ਧ | ਰ | ਤੀ | ऽ | ऽ |
| ਨ | – | ਸਂ | – | ਰੁਂ | ਸਂ | ਨਧੁ | ਨ | ਧੁ | ਪ |
| ਮਉ | ऽ | ਲਿਆ | ऽ | ਅ | ਕਾ | ऽऽ | ਸ | ऽ | ऽ |
| ਸ | | | | | | | | | |
| ਨ | ਰੁਂ | ਗਂ | – | ਮਂ | ਗਂ | ਰੁਂ | ਸਂ | – | ਸਂ |
| ਘ | ਟ | ਘ | ऽ | ਟ | ਮਉ | ऽ | ਲਿਆ | ऽ | ਆ |
| ਨ | ਨ | ਸਂ | – | ਰੁਂ | ਨ | ਧੁ | ਨ | ਮਂ | ਧੁ |
| ਤ | ਮ | ਪ | ऽ | ਰ | ਗਾ | ऽ | ਸ | ऽ | ऽ |

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਵਿਚੋਂ ਧੰਨਵਾਦ ਸਹਿਤ

-ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ

Postal Regd. No. CH/0045/2015-2017 RNI Regd.No. 46788/89 ISSN 0972-2335

ਅੰਗ ੧੧੯੩

ang 1193

ਕਬੀਰ ਜੀ ਘਰੁ ੧

kubeer jee ghur 1
Kabeer Jee, First House:

ੴ ਸਤਿਗੁਰ ਪ੍ਰਸਾਦਿ ॥

ik ounkaar sathigur prusaadh
One Universal Creator God. By The Grace Of The True Guru:

ਮਉਲੀ ਧਰਤੀ ਮਉਲਿਆ ਅਕਾਸੁ ॥

moulee dhuruthee mouliaa akaas
The earth is in bloom, and the sky is in bloom.

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥

ghatt ghatt mouliaa aathum prugaas
Each and every heart has blossomed forth, and the soul is illumined. ||1||

ਰਾਜਾ ਰਾਮੁ ਮਉਲਿਆ ਅਨਤ ਭਾਇ ॥

raajaa raam mouliaa anuth bhaae
My Sovereign Lord King blossoms forth in countless ways.

ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥

jeh dhaekho theh rehiaa sumaae
Wherever I look, I see Him there pervading. ||1||Pause||

ਦੁਤੀਆ ਮਉਲੇ ਚਾਰਿ ਬੇਦ ॥

dhutheeaa moulae chaar baedh
The four Vedas blossom forth in duality.

ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥

sinmrith moulee sio kuthaeb
The Simritees blossom forth, along with the Koran and the Bible. ||2||

ਸੰਕਰੁ ਮਉਲਿਓ ਜੋਗ ਧਿਆਨ ॥

sunkur mouliou jog dhiaan
Shiva blossoms forth in Yoga and meditation.

ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥

kubeer ko suaamee subh sumaan
Kabeer's Lord and Master pervades in all alike. ||3||1||